ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 21 ਜਨਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੮ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਇੰਗਲੈਂਡ ਦੇ ਗੁਰਦੁਆਰਿਆਂ ਅਤੇ ਪੰਥਕ ਜਥੇਬੰਦੀਆਂ ਦਾ ਐਲਾਨ

# ਸ੍ਰੀ ਅਕਾਲ ਤਖਤ ਸਾਹਿਬ ਤੋਂ 2 ਤਰੀਕ ਵਾਲੇ ਦਿੱਤੇ ਗਏ ਆਦੇਸ਼ਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ

### ਜੇਕਰ ਬਾਦਲ ਦਲ ਵਾਲੇ ਆਦੇਸ਼ ਮੰਨਣ ਤੋਂ ਇਨਕਾਰੀ ਹੋਣਗੇ ਤਾਂ ਉਹਨਾਂ ਦਾ ਇੰਗਲੈਂਡ ਵਿੱਚ ਮੁਕੰਮਲ ਬਾਈਕਾਟ ਕੀਤਾ ਜਾਵੇਗਾ



**ਸਮੈਦਿਕ, 20 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਦੇ ਸੱਦੇ ਤੇ ਅੱਜ ਐਤਵਾਰ 19 ਜਨਵਰੀ 2025 ਵਾਲੇ ਦਿਨ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਵਿਖੇ ਵਿਸ਼ੇਸ਼ ਇਕੱਤਰਤਾ ਹੋਈ। ਜਿਸ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਨੂੰ ਬਰਕਰਾਰ ਰੱਖਣ ਦਾ ਅਹਿਦ ਪ੍ਰਗਟਾਉਂਦਿਆਂ 2 ਦਸੰਬਰ 2024 ਨੂੰ ਪੰਜ ਸਿੰਘ ਸਾਹਿਬਾਨ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਕੀਤੇ ਗਏ ਫੈਂਸਲਿਆਂ ਦੀ ਡੱਟ ਕੇ ਪ੍ਰੋੜਤਾ ਕੀਤੀ ਗਈ ਹੈ। ਇਸ ਮੌਕੇ ਸਤਿਕਾਰਯੋਗ ਸਿੰਘ ਸਹਿਬਾਨ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਨੂੰ ਅਪੀਲ ਕੀਤੀ ਗਈ ਕਿ ਇਹਨਾਂ ਇਤਿਹਾਸਕ ਫੈਂਸਲਿਆਂ ਨੂੰ ਹਰ ਹਾਲਤ ਵਿੱਚ ਲਾਗੂ ਕਰਵਾਇਆ ਜਾਵੇ । ਬਾਦਲਕਿਆਂ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਅਦੇਸ਼ਾਂ -ਹੁਕਮਾਂ ਦੀ ਆਨੇ ਬਹਾਨੇ ਉਲੰਘਣਾ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਨੂੰ ਵੰਗਾਰਨ ਦੇ ਯਤਨ ਕੀਤੇ ਜਾ ਰਹੇ ਹਨ ।ਜਿਸ ਦੀ ਸਖਤ ਨਿਖੇਧੀ ਕੀਤੀ ਗਈ। ਇੱਕਸੁਰਤਾ ਨਾਲ ਠੋਸ ਫੈਂਸਲਾ ਕੀਤਾ ਗਿਆ ਕਿ ਸੁਖਬੀਰ ਬਾਦਲ ਸਮੇਤ ਕੋਈ ਵੀ ਵਿਆਕਤੀ ਅਗਰ ਇਹਨਾਂ ਅਦੇਸ਼ਾਂ ਨੂੰ ਨਹੀਂ ਮੰਨਦਾ ਤਾਂ ਯੂ,ਕੇ ਵਿੱਚ ਉਸਦਾ ਵਿਰੋਧ ਅਤੇ ਮੁਕੰਮਲ ਬਾਈਕਾਟ ਕੀਤਾ ਜਾਵੇਗਾ। ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਤੋਂ ਮੁਨਕਰ ਹੋਣ ਵਾਲੇ ਕਿਸੇ ਵੀ ਅਖੌਤੀ ਆਗੂ ਨੂੰ ਯੂ,ਕੇ ਦੇ ਕਿਸੇ ਵੀ ਗੁਰਦਵਾਰਾ ਸਾਹਿਬ ਦੀ ਸਟੇਜ ਤੋਂ ਸਨਮਾਨਿਤ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਉਸਨੂੰ ਗੁਰਦਵਾਰਾ ਸਾਹਿਬ ਦੀ ਸਟੇਜ ਤੋਂ ਬੋਲਣ ਦਿੱਤਾ ਜਾਵੇਗਾ । ਇਸ ਪਬੰਦੀ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ । ਆਪ ਨੂੰ ਸਨਿਮਰ ਅਪੀਲ ਹੈ ਕਿ ਸਮੁੱਚੇ ਅਕਾਲੀ ਦਲਾਂ ਨੂੰ ਏਕਤਾ ਕਰਵਾਕੇ ਇੱਕ ਅਕਾਲੀ ਦਲ ਬਣਾਇਆ ਜਾਵੇ। ••

(ਹੋਰ ਤਸਵੀਰਾਂ ਪੰਨਾ 11 'ਤੇ)

## ਫੈਲ ਗਈ ਰਹੱਸਮਈ ਬਿਮਾਰੀ ! 17 ਮੌਤਾਂ ਤੋਂ ਬਾਅਦ ਅਲਰਟ 'ਤੇ ਸਿਹਤ ਵਿਭਾਗ

**ਸ੍ਰੀਨਗਰ, 20 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਦੇ ਬਧਾਲ ਪਿੰਡ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਇਸ ਪਿੰਡ ਵਿੱਚ ਹੁਣ ਤੱਕ ਰਹੱਸਮਈ



ਬਿਮਾਰੀ ਨਾਲ 17 ਲੋਕਾਂ ਦੀ ਮੌਤ ਹੋ ਚੁੱਕੀ ਹੈ। ਕੋਈ ਨਹੀਂ ਜਾਣਦਾ ਕਿ ਇਹ ਕਿਹੜੀ ਬਿਮਾਰੀ ਹੈ। ਦੇਸ਼ ਭਰ ਵਿੱਚ ਡਾਕਟਰਾਂ ਦੀਆਂ ਕਈ ਟੀਮਾਂ ਕੰਮ ਕਰ ਰਹੀਆਂ ਹਨ ਪਰ ਬਿਮਾਰੀ ਦਾ ਪਤਾ ਨਹੀਂ ਲੱਗ ਰਿਹਾ। ਹੁਣ ਤੱਕ ਇਹ ਪਤਾ ਲੱਗਾ ਹੈ ਕਿ ਇਹ ਨਾ ਤਾਂ ਕੋਈ ਇਨਫੈਕਸ਼ਨ ਹੈ, ਨਾ ਹੀ ਵਾਇਰਲ ਬਿਮਾਰੀ, ਨਾ ਹੀ ਕੈਂਸਰ ਅਤੇ ਨਾ ਹੀ ਕੋਈ ਲਾਇਲਾਜ ਬਿਮਾਰੀ ਹੈ। ਇਸ ਦੌਰਾਨ ਕੇਂਦਰ ਦੀ ਇੱਕ ਉੱਚ-ਪੱਧਰੀ ਅੰਤਰ-ਮੰਤਰਾਲਾ ਟੀਮ ਐਤਵਾਰ ਨੂੰ ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਪਹੁੰਚੀ। ਐਤਵਾਰ ਨੂੰ ਰਾਜੌਰੀ ਜ਼ਿਲ੍ਹੇ ਵਿੱਚ ਇਸ ਰਹੱਸਮਈ ਬਿਮਾਰੀ ਕਾਰਨ ਇੱਕ ਹੋਰ ਵਿਅਕਤੀ ਦੀ ਮੌਤ ਹੋ ਗਈ ਜਿਸ ਤੋਂ ਬਾਅਦ ਇਹ ਗਿਣਤੀ 17 ਹੋ ਗਈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ਨੀਵਾਰ ਨੂੰ ਬਧਾਲ ਪਿੰਡ ਵਿੱਚ ਇਕ-ਦੂਜੇ ਨਾਲ ਸਬੰਧਤ ਤਿੰਨ ਪਰਿਵਾਰਾਂ ਵਿੱਚ ਕੁਝ ਹਫ਼ਤਿਆਂ ਦੇ ਅੰਦਰ ਮੌਤਾਂ ਦੇ ਕਾਰਨਾਂ ਦੀ ਜਾਂਚ ਲਈ ਇੱਕ ਅੰਤਰ-ਮੰਤਰਾਲਾ ਟੀਮ ਬਣਾਉਣ ਦਾ ਹੁਕਮ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਜੂੰਮੀ ਦੇ ਐੱਸ.ਐੱਮ.ਜੀ.ਐੱਸ. ਹਸਪਤਾਲ 'ਚ ਇਲਾਜ ਕਰਵਾ ਰਹੇ ਮੁਹੰਮਦ ਅਸਲਮ ਦੇ 6 ਬੱਚਿਆਂ 'ਚੋਂ ਆਖਰੀ ਯਾਸਮੀਨ ਕੌਸਰ ਦੀ ਵੀ ਐਤਵਾਰ ਸ਼ਾਮ ਨੂੰ ਮੌਤ ਹੋ ਗਈ। ਕੌਸਰ ਦੇ 5 ਭੈਣ-ਭਰਵਾਂ ਅਤੇ ਦਾਦਾ-ਦਾਰੀ ਦੀ ਪਿਛਲੇ ਹਫਤੇ ਮੌਤ ਹੋ ਗਈ ਸੀ। ਪਿੰਡ 'ਚ ਦੋ ਪਰਿਵਾਰਾਂ ਦੇ 9 ਮੌਂਬਰਾਂ ਦੀ ਮੌਤ 7 ਤੋਂ12 ਦਸੰਬਰ ਦੇ ਵਿਚਕਾਰ ਹੋ ਗਈ ਸੀ। ਜੰਮੂ-ਕਸ਼ਮੀਰ ਦੇ ਉਪਰਾਜਪਾਲ ਮਨੋਜ ਸਿਨਹਾ ਨੇ ਇਥੇ ਇਕ ਪ੍ਰੋਗਰਾਮ ਦੌਰਾਨ ਮੀਡੀਆ ਨਾਲ ਗੱਲਬਾਤ 'ਚ ਕਿਹਾ ਕਿ ਜੰਮੂ-ਕਸ਼ਮੀਰ ਸਿਹਤ ਵਿਭਾਗ ਅਤੇ ਹੋਰ ਵਿਭਾਗਾਂ ਨੇ ਮੌਤਾਂ ਦੀ ਜਾਂਚ ਕੀਤੀ ਪਰ ਸਹੀ ਕਾਰਨ ਅਜੇ ਤਕ ਪਤਾ ਨਹੀਂ ਲੱਗਾ। ਗ੍ਰਹਿ ਮੰਤਰੀ ਨੇ ਅੰਤਰ-ਮੰਤਰਾਲਾ ਮਾਹਿਰਾਂ ਦੀ ਇਕ ਟੀਮ ਬਣਾਈ ਹੈ ਅਤੇ ਉਹ ਇੱਥੇ ਪਹੁੰਚ ਗਈ ਹੈ। ਅਧਿਕਾਰੀਆਂ ਨੇ ਕਿਹਾ ਕਿ 16 ਮੈਂਬਰੀਂ ਟੀਮ ਐਤਵਾਰ ਸ਼ਾਮ ਨੂੰ ਰਾਜੌਰੀ ਜ਼ਿਲ੍ਹਾ ਦਫਤਰ ਪਹੁੰਚੀ। ਮਰੀਜ਼ਾਂ ਨੇ ਹਸਪਤਾਲਾਂ 'ਚ ਦਾਖਲ ਹੋਣ ਦੇ ਕੁਝ ਦਿਨਾਂ ਦੇ ਅੰਦਰ ਮਰਨ ਤੋਂ ਪਹਿਲਾਂ ਬੁਖਾਰ, ਦਰਦ, ਮਤਲੀ ਅਤੇ ਬੇਹੋਸ਼ੀ ਦੀ ਸ਼ਿਕਾਇਤ ਕੀਤੀ। ਸ਼ੁਰੂਆਤੀ ਜਾਂਚ ਅਤੇ ਨਮੂਨਿਆਂ ਤੋਂ ਪਤਾ ਲੱਗਾ ਕਿ ਇਹ ਮੌਤਾਂ ਇਨਫੈਕਸ਼ਨ ਵਾਲੇ ਬੈਕਟੀਰੀਆ ਜਾਂ ਵਾਇਰਲ ਬਿਮਾਰੀਆਂ ਕਾਰਨ ਨਹੀਂ ਹੋਈਆਂ ਸਨ ਅਤੇ ਇਨ੍ਹਾਂ ਦਾ ਜਨਤਕ ਸਿਹਤ 'ਤੇ ਕੋਈ ਪ੍ਰਭਾਵ ਨਹੀਂ ਸੀ। ਪੁਲਸ ਨੂੰ ਮ੍ਰਿਤਕ ਦੇ ਨਮੂਨਿਆਂ ਵਿੱਚ ਕੁਝ ਨਿਊਰੋਟੌਕਸਿਨ ਮਿਲੇ ਹਨ ਜਿਸ ਤੋਂ ਬਾਅਦ ਇੱਕ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਹੈ। ਇਸ ਦੇ ਨਾਲ ਹੀ ਪਿੰਡ ਦੇ ਇੱਕ ਪਾਣੀ ਦੇ ਸਰੋਤ ਵਿੱਚ ਕੁਝ ਕੀਟਨਾਸ਼ਕਾਂ ਅਤੇ ਕੀਟਨਾਸ਼ਕਾਂ ਦੇ ਅਵਸ਼ੇਸ਼ ਮਿਲੇ, ਜਿਸ ਤੋਂ ਬਾਅਦ ਅਧਿਕਾਰੀਆਂ ਨੇ ਉਸ ਪਾਣੀ ਦੇ ਸਰੋਤ ਨੂੰ ਸੀਲ ਕਰ ਦਿੱਤਾ ਅਤੇ ਸੁਰੱਖਿਆ ਕਰਮਚਾਰੀਆਂ ਦੀ ਤਾਇਨਾਤੀ ਦੇ ਆਦੇਸ਼ ਦਿੱਤੇ। ਇਸ ਵੇਲੇ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਕੇਂਦਰੀ ਟੀਮ ਅਤੇ ਸਥਾਨਕ ਪ੍ਰਸ਼ਾਸਨ ਦੋਵੇਂ ਇਸ ਰਹੱਸਮਈ ਘਟਨਾ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਕੰਮ ਕਰ ਰਹੇ ਹਨ।

## ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਮਾਮਲੇ 'ਚ ਸੁਪਰੀਮ ਕੋਰਟ ਨੇ ਸਰਕਾਰ ਨੂੰ ਫੈਸਲਾ ਲੈਣ ਲਈ ਦਿੱਤੀ ਆਖ਼ਿਰੀ ਚੇਤਾਵਨੀ



**ਨਵੀਂ ਦਿੱਲੀ, 20 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਵਿਚ ਨਾਮਜਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਕੇਂਦਰ ਸਰਕਾਰ ਨੂੰ 18 ਮਾਰਚ ਤੱਕ ਫੈਸਲਾ ਲੈਣ ਲਈ ਕਿਹਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਉਹ ਕੇਂਦਰ ਸਰਕਾਰ ਨੂੰ ਆਖਰੀ

### 18 ਮਾਰਚ ਤਕ ਦਾ ਦਿੱਤਾ ਸਮਾਂ

ਮੌਕਾ ਦੇ ਰਹੀ ਹੈ। ਜਾਂ ਤਾਂ ਸਰਕਾਰ ਇਸ ਦੌਰਾਨ ਕੋਈ ਫੈਸਲਾ ਲੈ ਲਵੇ, ਨਹੀਂ ਤਾਂ ਅਦਾਲਤ ਖੁਦ ਇਸ ਪਟੀਸ਼ਨ 'ਤੇ ਮੈਰਿਟ 'ਤੇ ਸੁਣਵਾਈ ਕਰੇਗੀ। ਭਾਈ ਰਾਜੋਆਣਾ ਕਰੀਬ 29 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹਨ ਅਤੇ ਉਨ੍ਹਾਂ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਕੋਲ ਪਿਛਲੇ 12-15 ਸਾਲਾਂ ਤੋਂ ਲਮਕਦੀ ਪਈ ਹੈ। ਉਨ੍ਹਾਂ ਨੇ ਰਹਿਮ ਦੀ ਅਪੀਲ ਦੇ ਨਿਪਟਾਰੇ ਵਿੱਚ ਦੇਰੀ ਦਾ ਹਵਾਲਾ ਦਿੰਦੇ ਹੋਏ ਰਿਹਾਈ ਦੀ ਮੰਗ ਕੀਤੀ ਹੈ। ਅਦਾਲਤ ਅੰਦਰ ਕੇਂਦਰ ਦੀ ਤਰਫੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਇਹ ਇੱਕ ਰਾਜ ਦੇ ਮੁੱਖ ਮੰਤਰੀ ਅਤੇ 16 ਲੋਕਾਂ ਦੇ ਕਤਲ ਦਾ ਗੰਭੀਰ ਮਾਮਲਾ ਹੈ। ਸਰਕਾਰ ਇਸ 'ਤੇ ਵਿਚਾਰ ਕਰ ਰਹੀ ਹੈ। ਤੁਸ਼ਾਰ ਮਹਿਤਾ ਨੇ ਅਦਾਲਤ ਤੋਂ 6 ਹਫ਼ਤਿਆਂ ਦਾ ਹੋਰ ਸਮਾਂ ਮੰਗਿਆ। ਭਾਈ ਰਾਜੋਆਣਾ ਵੱਲੋਂ ਪੇਸ਼ ਹੋਏ ਵਕੀਲ ਮੁਕੁਲ ਰੋਹਤਗੀ ਨੇ ਦਲੀਲ ਦਿੱਤੀ ਕਿ ਹੁਣ ਸਰਕਾਰ ਦੇ ਜਵਾਬ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਅਦਾਲਤ ਨੇ ਇਸ ਦੇ ਲਈ ਸਰਕਾਰ ਨੂੰ ਪਹਿਲਾਂ ਹੀ ਕਾਫੀ ਸਮਾਂ ਦਿੱਤਾ ਹੈ ਅਤੇ ਭਾਈ ਰਾਜੋਆਣਾ ਕਰੀਬ 29 ਸਾਲਾਂ ਤੋਂ ਜੇਲ੍ਹ ਵਿੱਚ ਹਨ, ਜਿਸ ਦੇ ਨਿਪਟਾਰੇ ਵਿੱਚ ਹੋਈ ਦੇਰੀ ਦੇ ਆਧਾਰ 'ਤੇ ਉਨ੍ਹਾਂ ਦੀ ਫਾਂਸੀ ਦਾ ਮਾਮਲਾ 15 ਸਾਲਾਂ ਤੋਂ ਲਟਕਿਆ ਹੋਇਆ ਹੈ, ਉਨ੍ਹਾਂ ਅਦਾਲਤ ਨੂੰ ਦਸਿਆ ਕਿ ਰਹਿਮ ਦੀ ਅਪੀਲ 'ਤੇ ਸੁਪਰੀਮ ਕੋਰਟ ਨੇ ਭਾਈ ਦਵਿੰਦਰ ਸਿੰਘ ਭੁੱਲਰ ਦੀ ਸਜ਼ਾ ਨੂੰ ਵੀ ਉਮਰ ਕੈਦ 'ਚ ਤਬਦੀਲ ਕਰ ਦਿੱਤਾ ਹੈ। ਜਿਕਰਯੋਗ ਹੈ ਕਿ ਪੰਜਾਬ ਪੁਲਿਸ ਵਿੱਚ ਕਾਂਸਟੇਬਲ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ 2007 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਨ੍ਹਾਂ ਨੂੰ 1995 ਵਿੱਚ ਵਿਸ਼ੇਸ਼ ਅਦਾਲਤ ਨੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਅਤੇ 16 ਹੋਰ ਵਿਅਕਤੀਆਂ ਦੇ ਕਤਲ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ, ਇਸ ਤੋਂ ਬਾਅਦ ਹਾਈਕੋਰਟ ਨੇ ਵੀ ਮੌਤ ਦੀ ਸਜ਼ਾ ਨੂੰ ਮਨਜ਼ੂਰੀ ਦਿੱਤੀ ਸੀ । ਭਾਈ ਰਾਜੋਆਣਾ ਨੇ ਦੋਸ਼ੀ ਠਹਿਰਾਏ ਜਾਣ ਜਾਂ ਫਾਂਸੀ ਦੀ ਸਜ਼ਾ ਦੇ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਨਹੀਂ ਦਿੱਤੀ ਸੀ । ਐਸਜੀਪੀਸੀ ਨੇ 31 ਮਾਰਚ 2012 ਨੂੰ ਭਾਈ ਰਾਜੋਆਣਾ ਨੂੰ ਜਦੋ ਫਾਂਸੀ ਦਿੱਤੀ ਜਾਣੀ ਸੀ, ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਇਰ ਕਰਣ ਨਾਲ 28 ਮਾਰਚ ਨੂੰ ਤਤਕਾਲੀ ਕਾਂਗਰਸ ਸਰਕਾਰ ਨੇ ਉਨ੍ਹਾਂ ਦੀ ਮੌਤ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ ਸੀ, ਇਸ ਦੌਰਾਨ ਰਾਸ਼ਟਰਪਤੀ ਨੇ ਰਹਿਮ ਦੀ ਅਪੀਲ ਕੇਂਦਰ ਸਰਕਾਰ ਨੂੰ ਭੇਜ ਦਿੱਤੀ ਸੀ। ਉਦੋਂ ਤੋਂ ਇਹ ਰਹਿਮ ਦੀ ਪਟੀਸ਼ਨ ਸਰਕਾਰ ਕੋਲ ਪੈਂਡਿੰਗ ਹੈ, ਇਸ 'ਤੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ ਹੈ।

## ਸੁਖਬੀਰ ਸਿੰਘ ਬਾਦਲ ਨੇ ਮੈਂਬਰਸ਼ਿਪ ਲੈ ਕੇ ਸ਼ੁਰੂ ਕੀਤੀ ਅਕਾਲੀ ਦਲ ਦੀ ਭਰਤੀ ਮੁਹਿੰਮ, 50 ਲੱਖ ਤੋਂ ਵੱਧ ਮੈਂਬਰ ਬਣਾਉਣ ਦਾ ਟੀਚਾ



**ਚੰਡੀਗੜ੍ਹ, 20 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਦਾ ਬਿਗੁਲ ਵੱਜ ਚੁੱਕਾ ਹੈ। ਭਰਤੀ ਮੁਹਿੰਮ ਦਾ ਪਿੰਡ ਬਾਦਲ ਦਾ ਆਗਾਜ਼ ਹੋਇਆ, ਜਿਸ ਨੂੰ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੇ ਦਫ਼ਤਰ ਵਿੱਚ ਜਾ ਕੇ 10 ਰੁਪਏ ਦੀ ਰਸੀਦ ਲੈ ਕੇ ਮੈਂਬਰ ਬਣਨ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਲੰਬੀ ਤੋਂ 40 ਹਜ਼ਾਰ ਦੇ ਕਰੀਬ ਲੋਕ ਅਕਾਲੀ ਦਲ ਦੇ ਮੈਂਬਰ ਬਣਨਗੇ। ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਿੰਡ ਬਾਦਲ ਦੇ ਸ਼੍ਰੋਮਣੀ ਅਕਾਲੀ ਦਲ ਦੇ ਦਫਤਰ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਸ਼ਿਪ ਵਜੋਂ ਫਾਰਮ ਭਰਿਆ ਅਤੇ ਇਸ ਮੌਕੇ ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਬਾਦਲ ਸਥਿਤ ਦਫਤਰ ਵਿਖੇ ਪਾਰਟੀ ਦੇ ਆਦੇਸ਼ਾਂ ਮੁਤਾਬਕ ਸ਼ਾਮਿਲ ਹੋ ਕੇ ਉਹਨਾਂ ਨੇ ਆਪਣੀ ਮੈਂਬਰਸ਼ਿਪ ਪਰਚੀ ਭਰੀ ਹੈ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਲੰਬੀ ਹਲਕੇ ਵਿੱਚ 40 ਹਜਾਰ ਦਾ ਟੀਚਾ ਹੈ, ਜਦਕਿ ਕੁੱਲ ਮੈਂਬਰਸ਼ਿਪ ਦਾ ਟੀਚਾ ਲੱਖ ਦਾ ਹੈ।

ਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਬਾਅਦ ਵਿਚ ਪਾਰਟੀ ਦੇ ਮੁੱਖ ਦਫਤਰ ਵਿਚ ਭਰਤੀ ਮੁਹਿੰਮ ਸ਼ੁਰੂ ਕਰਵਾਈ ਤੇ ਸੀਨੀਅਰ ਆਗੂ ਮਹੇਸ਼ਿੰਦਰ ਸਿੰਘ ਗਰੇਵਾਲ ਅਤੇ ਸੁੱਚਾ ਸਿੰਘ ਲੰਗਾਹ ਨੂੰ ਮੈਂਬਰਸ਼ਿਪ ਪਰਚੀਆਂ ਸੌਂਪੀਆਂ। ਸੀਨੀਅਰ ਆਗੂ ਤੇ ਵਰਕਰ ਵੀ ਇਸ ਮੌਕੇ ਅਕਾਲੀ ਦਲ ਦੇ ਮੁੱਖ ਦਫਤਰ ਵਿਚ ਵੱਡੀ ਗਿਣਤੀ ਵਿਚ ਪਹੁੰਚੇ ਤੇ ਮੈਂਬਰਸ਼ਿਪ ਭਰਤੀ ਪਰਚੀਆਂ ਹਾਸਲ ਕੀਤੀਆਂ। ਸੂਬੇ ਭਰ ਵਿਚ ਇਹ ਭਰਤੀ ਮੁਹਿੰਮ ਪਰਚੀਆਂ ਭੇਜੀਆਂ ਜਾ ਰਹੀਆਂ ਹਨ।

# AWAZE QAUM TOUR & TRAVEL UK &

## SINGH TRAVEL CANADA JATHA

15 ਸਾਲ ਤੋਂ ਸੰਗਤਾਂ ਦੀ ਸੇਵਾ ਕਰ ਰਹੇ ਹਾਂ - YATRA SEWA SINCE 2010

# YATRA NANKANA SAHIB

WE WILL ALSO BE VISITING 25+ GURDWARA'S AND HISTORICAL PLACES

## 20 FEBRUARY TO 27 FEBRUARY, 2025

UK, EUROPE, ITALY, CANADA, USA SANGAT CAN JOIN OUR JATHA WITH FAMILIES & FRIENDS









### YATRA INCLUDES:

- GURDWARA NANKANA SAHIB
- GURDWARA PATTI SAHIB
- GURDWARA TAMBU SAHIB
- GURDWARA KIARA SAHIB
- GURDWARA MALJI SAHIB
- GURDWARA BAL LILA SAHIB
- GURDWARA SACHA SAUDA
- GURDWARA RORI SAHIB
- GURDWARA PANJA SAHIB
- GURDWARA BEBE DI BER SIALKOT
- GURDWARA DERA SAHIB
- JANAM ASTHAN BEBE NANKI JI
- BHAI LALU JI DA GHAR
- JANAM ASTHAN GURU RAMDAS JI
- GURDWARA SHRI KARTARPUR SAHIB
- GURDWARA SHAHEED GANJ LAHORE
- MATA SAHIB KAUR JI JANAM ASTHAN
- DARBAR SAI MIAN MIR JI
- SHAHI QILA (SIKH FORT)
- SHOPPING AT ANARKALI BAZAR

Yatra Booking, Please contact:

## RAGHBIR SINGH

## Tel: +44 7976 210161

### YATRA PACKAGE INCLUDES:

PAKISTAN VISA + HOTEL (TWIN SHARED) + LUXURY TRANSPORT + VEG FOOD + MINERAL WATER + TRIP YATRA PHOTO & VIDEOS + WiFi & MUCH MORE

## CANADA. +1 647-231-1600 - USA. +1 716-342-6007

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

---

ਚਲੀਲੋ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net

---


ਆਵਾਜ਼ਿ ਕੌਮ
Daily Newspaper from U.K.

Publisher/Chief Editor
Raghbir Singh Walsal
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

---

ਤੇਰੇ ਜਨ ਪਰਉਪਕਾਰੀ ਆਏ

## ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼ ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ

# 100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ

# 51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ



ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ

ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।

ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473



ਮਹੰਤ ਕਾਹਨ ਸਿੰਘ ਸੇਵਾਪੰਥੀ



ਸੰਤ ਰਣਜੀਤ ਸਿੰਘ ਸੇਵਾਪੰਥੀ

## ਵਿਸ਼ੇਸ਼ ਸਹਿਯੋਗ -

### ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ

ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸੱਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ




# ਪੂਰਨੇ.. ?

**ਕਿੰਨੇ ਸੋਹਣੇ** ਦਿਨ ਸੀ ਜਦੋਂ ਅਸੀਂ ਪ੍ਰਾਇਮਰੀ ਸਕੂਲੇ ਪੜ੍ਹਨ ਜਾਂਦੇ ਸਾਂ। ਗਰਮੀਆਂ ਹੋਣੀਆਂ ਜਾਂ ਸਰਦੀਆਂ ਤਹੱਜੁਦ ਵੇਲੇ ਸਾਰੇ ਘਰ ਵਾਲੇ ਉਠ ਪੈਂਦੇ ਸੀ। ਮਾਂ ਨੇ ਵਜ਼ੂ ਕਰ ਕੇ ਤਹੱਜੁਦ ਪੜ੍ਹਨ ਲੱਗ ਪੈਣਾ, ਵੱਡੀ ਭੈਣ ਨੇ ਦੁੱਧ 'ਚ ਮਧਾਣੀ ਪਾ ਕੇ ਦੁੱਧ ਰਿੜਕਣ ਲੱਗ ਪੈਣਾ। ਅੱਬਾ ਜੀ ਨੇ ਮਾਲ ਡੰਗਰ ਬਾਹਰ ਕੱਢਣਾ ਤੇ ਅਸੀਂ ਬੇਲੀਆਂ ਨਾਲ਼ ਦੌੜ ਲਾਣ ਟੁਰ ਜਾਣਾ। ਦੋ ਤਿੰਨ ਕਿਲੋਮੀਟਰ ਦੀ ਦੌੜ ਤੋਂ ਬਾਅਦ ਬਾਹਰ ਈ ਟਿਊਬਵੈਲ ਤੇ ਨਹਾਣਾ ਤੇ ਸਿੱਧੇ ਮਸੀਤੇ ਟੁਰ ਜਾਣਾ। ਜਮਾਤ ਨਾਲ਼ ਨਮਾਜ਼ ਪੜ੍ਹਨੀ ਸਪਾਰਾ ਪੜ੍ਹਨਾ ਤੇ ਫ਼ਿਰ ਪਿਛਾਂਹ ਘਰ ਪਰਤਣਾ ,ਆਉਂਦਿਆਂ ਨੂੰ ਮਾਂ ਨੇ ਨਾਸ਼ਤਾ ਤਿਆਰ ਕੀਤਾ ਹੋਣਾ, ਚੁੱਲ੍ਹੇ ਦੇ ਆਲ ਦੁਆਲੇ ਮਾਂ ਦੇ ਕੋਲ਼ ਫੱਟੀਆਂ ਜਾਂ ਪੀੜ੍ਹੀਆਂ ਡਾਹ ਕੇ ਬਹਿ ਜਾਣਾ। ਗਰਮਾ ਗਰਮ ਦੇਸੀ ਘਿਓ ਦੇ ਪਰਾਠੇ ਤੇ ਰਾਤ ਦੇ ਬਚੇ ਹੋਏ ਸਾਲਨ ਤੇ ਚਾਟੀ ਦੀ ਸੰਘਣੀ ਲੱਸੀ ਨਾਲ਼ ਨਾਸ਼ਤਾ ਕਰਨਾ ਤੇ ਦੂਜੇ ਪਿੰਡ ਸਕੂਲੇ ਜਾਣ ਲਈ ਆਪਣੇ ਬੇਲੀ ਕੱਠੇ ਕਰਨੇ, ਹੱਸਦਿਆਂ ਖੇਡਦਿਆਂ ਤਿੰਨ ਚਾਰ ਕਿਲੋਮੀਟਰ ਦਾ ਪੰਧ ਕਰਕੇ ਸਕੂਲ ਅੱਪੜ ਜਾਣਾ। ਪੰਧ ਮਹਿਸੂਸ ਵੀ ਨਾ ਹੋਣਾ ਜਿਉਂ ਈ ਅੱਠ ਵੱਜਣੇ ਕਿਸੇ ਇਕ ਮੁੰਡੇ ਨੇ ਭੱਜ ਕੇ ਟਾਹਲੀ ਨਾਲ਼ ਬੱਝੀ ਹੋਈ ਟੱਲੀ ਨੂੰ ਪੂਰੇ ਜ਼ੋਰ ਨਾਲ਼ ਲੋਹੇ ਦਾ ਡੰਡਾ ਮਾਰਨਾ, ਦੋ ਤਿੰਨ ਵਾਰੀ ਟੱਲੀ ਖੜਕਨੀ ਤੇ ਦੂਰ ਦੂਰ ਤੱਕ ਉਹਦੀ ਵਾਜ ਆਨੀ ,ਪਿਛਾਂਹ ਰਹਿ ਜਾਣ ਵਾਲੇ ਪੜ੍ਹਾਕੂਆਂ ਜਿਥੇ ਟੱਲੀ ਦੀ ਵਾਜ ਸੁਣੀ ਓਥੋਂ ਈ ਇਕ ਮਠ ਭੱਜ ਪੈਣਾ ਤੇ ਸਕੂਲ ਦੀ ਅਸੰਬਲੀ 'ਚ ਆ ਕੇ ਸਾਹ ਲੈਣਾ। ਅਸੰਬਲੀ 'ਚ ਹਰ ਜਮਾਤ ਦੇ ਪੜ੍ਹਾਕੂ ਵੱਖੋ ਵੱਖ ਲਾਇਨਾਂ 'ਚ ਖਲੋਂਦੇ ਸਨ ਤੇ ਹੈੱਡ ਮਾਸਟਰ ਸਣੇ ਸਾਰੇ ਮਾਸਟਰ ਇਕ ਉੱਚੇ ਬਣੇ ਹੋਏ ਥੜੇ ਤੇ ਖਲੋਂਦੇ ਸਨ। ਸਭ ਤੋਂ ਪਹਿਲਾਂ ਤਲਾਵਤ ਕਲਾਮ ਪਾਕ ਹੋਣੀ ,ਇਸ ਤੋਂ ਬਾਅਦ ਕਿਸੇ ਪੜ੍ਹਾਕੂ ਨੇ ਨਾਅਤ ਸ਼ਰੀਫ਼ ਪੜ੍ਹਨੀ, ਇਸ ਤੋਂ ਬਾਅਦ ਕੁੱਝ ਮੁੰਡਿਆਂ ਚਬੂਤਰੇ ਤੇ ਆ ਕੇ "ਲਬ ਪਾ ਆਤੀ ਹੈ ਦੁਆ ਬਿਨ ਤਮੰਨਾ ਮੇਰੀ" ਪੜ੍ਹਨੀ, ਇਸ ਤੋਂ ਬਾਅਦ ਕੌਮੀ ਤਰਾਨਾ ਪੜ੍ਹਿਆ ਜਾਣਾ ਤੇ ਫ਼ਿਰ ਹੈੱਡ ਮਾਸਟਰ ਹੋਰਾਂ ਨਿੱਕਾ ਜਿਹਾ ਭਾਸ਼ਣ ਦੇਣਾ ਤੇ ਫ਼ਿਰ ਹਰ ਮੁੰਡੇ ਨੇ ਆਪਣੀ ਆਪਣੀ ਲਾਈਨ ਚ ਰਹਿੰਦਿਆਂ ਹੋਇਆਂ ਆਪਣੀ ਆਪਣੀ ਜਮਾਤ 'ਚ ਜਾ ਕੇ ਬਹਿ ਜਾਣਾ। ਜਿਵੇਂ ਈ ਜਮਾਤ 'ਚ ਉਸਤਾਦ ਨੇ ਦਾਖ਼ਲ ਹੋਣਾ ਮਾਨੀਟਰ ਜਾਂ ਕਿਸੇ ਇਕ ਮੁੰਡੇ ਨੇ ਉੱਚੀ ਵਾਜ 'ਚ ਕਲਾਸ ਸਟੈਂਡ ਆਖਣਾ ਤੇ ਉਸਤਾਦ ਦੇ ਇਹਤਰਾਮ 'ਚ ਪੂਰੀ ਜਮਾਤ ਨੇ ਖੜੇ ਹੋ ਜਾਣਾ। ਉਸਤਾਦ ਨੇ ਸਭ ਨੂੰ ਬਹਿਣ ਦਾ ਕਹਿਣਾ ਤੇ ਆਪ ਵੀ ਲੋਹੇ ਦੇ ਪਾਈਪਾਂ ਨਾਲ਼ ਬਣੀ ਹੋਈ ਕੁਰਸੀ ਜਿਹਦੇ ਤੇ ਮੋਟੀ ਟਾਹਲੀ ਦੀਆਂ ਤਿੰਨ ਫੱਟੀਆਂ ਪੇਚਾਂ ਨਾਲ਼ ਕੱਸੀਆਂ ਹੁੰਦੀਆਂ ਸਨ, ਬਹਿ ਜਾਣਾ। ਮਾਸਟਰ ਜੀ ਨੇ ਹਾਜ਼ਰੀ ਵਾਲਾ ਰਜਿਸਟਰ ਫੜਨਾ ਤੇ ਵਾਰੋ ਵਾਰੀ ਮੁੰਡਿਆਂ ਦੇ ਨਾਂ ਬੋਲਣੇ ਰੋਲ਼ ਨੰਬਰ ਸੇਤੀ ਜਿਹਦਾ ਨਾਂ ਬੋਲਿਆ ਜਾਣਾ ਉਹਨੇ ਉੱਚੀ ਆਵਾਜ਼ 'ਚ ਯੈਸ ਸਰ ਜਾਂ ਹਾਜ਼ਰ ਜਨਾਬ ਆਖਣਾ ਤੇ ਫ਼ਿਰ ਮਾਸਟਰ ਹੋਰਾਂ ਮੁੰਡਿਆਂ ਕੋਲੋਂ ਕੱਲ੍ਹ ਦਾ ਦਿੱਤਾ ਹੋਇਆ ਸਬਕ ਸੁਣਨਾ ਤੇ ਜਿਹਨੂੰ ਨਾ ਆਉਣਾ ਉਹਦੀ ਰੱਜ ਕੇ ਸੇਵਾ ਕਰਨੀ , ਕਦੀ ਕੰਨ ਫੜਾ ਕੇ ਕਦੀ ਸੋਟੀਆਂ ਮਾਰ ਕੇ ਤੇ ਕਦੀ ਦੌੜ ਲਵਾ ਕੇ । ਫ਼ਿਰ ਉਨ੍ਹਾਂ ਅਗਲਾ ਸਬਕ ਦੇਣਾ ਤੇ ਬਾਲਾਂ ਨੇ ਉਹ ਉੱਚੀ ਉੱਚੀ ਯਾਦ ਕਰਨ ਲੱਗ ਜਾਣਾ ਤੇ ਮਾਸਟਰ ਹੋਰਾਂ ਕੁਰਸੀ ਤੇ ਬਹਿ ਕੇ ਬਾਲਾਂ ਤੇ ਨਜ਼ਰ ਰੱਖਣੀ।



?ਬਾਰਾਂ ਸਾਢੇ ਬਾਰਾਂ ਵਜੇ ਅੱਧੀ ਛੁੱਟੀ ਹੋਣੀ ਤੇ ਪੂਰੇ ਸਕੂਲ 'ਚ ਖ਼ੁਸ਼ੀ ਦੀ ਇਕ ਲਹਿਰ ਦੌੜ ਜਾਣੀ ।ਸਭ ਨੇ ਆਪਣੇ ਆਪਣੇ ਬਸਤੇ ਟਾਟਾਂ ਤੇ ਈ ਛੱਡ ਕੇ ਖਾਣ ਪੀਣ ਵਾਲੀਆਂ ਰੇੜ੍ਹੀਆਂ ਵੱਲੇ ਭੱਜ ਪੈਣਾ। ਕਿਸੇ ਘਰੋਂ ਲਿਆਂਦੀ ਹੋਈ ਰੋਟੀ ਬਸਤੇ ਚੋਂ ਕੱਢ ਕੇ ਖਾਣ ਲੱਗ ਪੈਣਾ। ਵਿਹਲੇ ਹੋ ਕੇ ਆਪਣੀਆਂ ਆਪਣੀਆਂ ਫੱਟੀਆਂ ਪੋਚ ਕੇ ,ਫੱਟੀ ਨਾਲ਼ ਫੱਟੀ ਜੋੜ ਕੇ ਸੁਕਣੇ ਪਾ ਦੇਣੀਆਂ। ਜਿਵੇਂ ਅੱਧੀ ਛੁੱਟੀ ਮੁੱਕਣੀ ਸਾਰੇ ਬਾਲਾਂ ਆਪਣੀਆਂ ਆਪਣੀਆਂ ਜਮਾਤਾਂ 'ਚ ਆ ਕੇ ਫੱਟੀ ਦੇ ਇਕ ਪਾਸੇ ਅਲਫ਼ ਬੇ ਲਿਖਣ ਲਈ ਤੇ ਦੂਜੇ ਪਾਸੇ ਗਿਣਤੀ ਲਿਖਣ ਲਈ ਸੈੱਲ ਚੋਂ ਕੱਢੇ ਹੋਏ ਸਿੱਕੇ ਨਾਲ਼ ਲਾਈਨਾਂ ਲਾਉਣੀਆਂ ਤੇ ਕਿਸੇ ਵੱਡੀ ਜਮਾਤ ਦੇ ਮੁੰਡੇ ਦਾ ਮਿੰਨਤ ਤਰਲਾ ਕਰ ਕੇ ਉਹਦੇ ਤੋਂ ਪੂਰਨੇ ਪਵਾਉਣੇ ਤੇ ਪਿਛਾਂਹ ਆ ਕੇ ਉਨ੍ਹਾਂ ਪੂਰਨਿਆਂ ਦੇ ਉੱਤੇ ਕਾਨੇ ਦੀ ਬਣੀ ਕਲਮ ਨਾਲ਼ ਸਿਆਹੀ ਵਾਲੀ ਦਵਾਤ ਚੋਂ ਟੋਬੇ ਲਾ ਲਾ ਕੇ ਲਿਖਣਾ ਪਰ ਫ਼ਿਰ ਵੀ ਕਿਧਰੇ ਨਾ ਕਿਧਰੇ ਇਕ ਅੱਧੀ ਮੱਖੀ ਵੱਜ ਹੀ ਜਾਣੀ। ਜਿਹਦਾ ਬੜਾ ਅਫ਼ਸੋਸ ਹੋਣਾ ਤੇ ਕਈ ਵਾਰੀ ਮਾਸਟਰ ਹੋਰਾਂ ਤੋਂ ਇਕ ਅੱਧੀ ਚਪੇੜ ਵੀ ਪੈ ਜਾਣੀ ਕਿ ਧਿਆਨ ਨਾਲ਼ ਨਹੀਂ ਲਿਖ ਸਕਦਾ। ਇਸ ਤੋਂ ਬਾਅਦ ਆਪਣੀਆਂ ਆਪਣੀਆਂ ਸਲੇਟਾਂ ਕੱਢ ਕੇ ਲਾਇਨਾਂ ਬਣਾ ਕੇ ਬਹਿ ਜਾਣਾ ਤੇ ਮਾਨੀਟਰ ਨੇ ਜਾਂ ਮਾਸਟਰ ਹੋਰਾਂ ਟੋਕਵੇਂ ਲਿਖਵਾਨੇ ਤੇ ਕਈਆਂ ਨੂੰ ਨਕਲ ਮਾਰਨ ਤੋਂ ਠੁੱਡੇ ਵੀ ਪੈਣੇ। ਸਭ ਤੋਂ ਆਖ਼ਿਰ ਤੇ ਜਦੋਂ ਛੁੱਟੀ ਹੋਣ ਵਾਲੀ ਹੁੰਦੀ ਸੀ ਉਦੋਂ ਪੂਰੀ ਜਮਾਤ ਨੇ ਦੋ ਲਾਇਨਾਂ ਬਣਾ ਕੇ ਇਕ ਦੂਜੇ ਵੱਲ ਮੂੰਹ ਕਰ ਕੇ ਖੜੇ ਹੋ ਜਾਣਾ ਤੇ ਪਹਿਲਾਂ ਇਕ ਮੁੰਡੇ ਨੇ ਉੱਚੀ ਵਾਜ ਚ ਪਹਾੜਾ ਸ਼ੁਰੂ ਕਰਨਾ ਤੇ ਫ਼ਿਰ ਉਸ ਤੋਂ ਅਗਲੇ ਨੇ ਪੜ੍ਹਨਾ ਵਾਰੀ ਵਾਰੀ ਸਾਰਿਆਂ ਨੇ ਪੜ੍ਹਨਾ ਤੇ ਪੂਰੀ ਜਮਾਤ ਨੇ ਇੰਜ ਪਹਾੜੇ ਯਾਦ ਕਰਨੇ।

?ਬਾਲਾਂ ਵੰਨ ਸੁਵੰਨੀਆਂ ਛੇੜਾਂ ਨਾਲ਼ ਪਹਾੜੇ ਪੜ੍ਹਨੇ ਇਕ ਨੇ ਕਹਿਣਾ ਇਕ ਦੂਣੀ ਦੂਣੀ ਦੋ ਦੂਣੀ ਚਾਰ ਇੰਜ ਈ ਹੱਸਦਿਆਂ ਖੇਡਦਿਆਂ ਛੁੱਟੀ ਦਾ ਟਾਇਮ ਹੋ ਜਾਣਾ ਤੇ ਫ਼ਿਰ ਟੱਲੀ ਖੜਕ ਜਾਣੀ ਸਭ ਨੇ ਸਕੂਲੋਂ ਬਾਹਰ ਭੱਜਣਾ ।ਕਈਆਂ ਡਿੱਗਣਾ ਤੇ ਸੱਟ ਲਵਾ ਬਹਿਣੀ ਪਰ ਮੁੜਨਾ ਫ਼ਿਰ ਵੀ ਨਹੀਂ ।ਕੇਹਾ ਜ਼ਮਾਨਾ ਹੁੰਦਾ ਸੀ, ਪਹਾੜੇ ਪੰਜਾਬੀ ਚ ਯਾਦ ਕਰਵਾਏ ਜਾਂਦੇ ਸੀ ਤੇ ਦੂਜੀ ਤੀਜੀ ਤੱਕ ਦੇ ਬਾਲਾਂ ਨੂੰ ਸੋਲਾਂ ਤੱਕ ਪਹਾੜੇ ਯਾਦ ਹੁੰਦੇ ਸੀ। ਕੋਈ ਲੰਮੀ ਚੌੜੀ ਫ਼ੀਸ ਨਾ ਹੋਣੀ, ਕੋਈ ਪ੍ਰਾਈਵੇਟ ਸਕੂਲ ਨਹੀਂ ਸੀ ਹੁੰਦਾ। ਕੋਈ ਖ਼ਾਸ ਵਰਦੀ ਨਹੀਂ ਸੀ ਹੁੰਦੀ ,ਹਰ ਕੋਈ ਜਿਵੇਂ ਦੇ ਲੀੜੇ ਹੋਣੇ ਉਨ੍ਹਾਂ 'ਚ ਈ ਸਕੂਲ ਆ ਜਾਂਦਾ ਸੀ ।

ਅੱਜ ਕੱਲ੍ਹ ਵਰਗੇ ਚੋਂਚਲੇ ਬਿਲਕੁਲ ਵੀ ਨਹੀਂ ਸਨ ਪਰ ਪੜ੍ਹਾਈ ਪੂਰੀ ਹੁੰਦੀ ਸੀ, ਟਿਊਸ਼ਨ ਦਾ ਨਾਂ ਨਿਸ਼ਾਨ ਵੀ ਨਹੀਂ ਸੀ ਹੁੰਦਾ। ਮਾਸਟਰ ਛੁੱਟੀ ਹੋਣ ਤੋਂ ਬਾਅਦ ਵੀ ਵੱਡੀਆਂ ਜਮਾਤਾਂ ਨੂੰ ਪੜ੍ਹਾਂਦੇ ਸਨ ,ਕਈਆਂ ਨੂੰ ਕਿਤਾਬਾਂ ਤੇ ਕਈਆਂ ਨੂੰ ਖ਼ੁਸ਼-ਖ਼ਤੀ ਪਰ ਉਹਦਾ ਕੋਈ ਮੁਆਵਜ਼ਾ ਨਹੀਂ ਸੀ। ਜਿਹੜੇ ਬਾਲ ਸਿੱਖਣਾ ਚਾਹੁੰਦੇ ,ਉਹ ਛੁੱਟੀ ਹੋ ਜਾਣ ਮਗਰੋਂ ਇਕ ਥਾਂ ਤੇ ਇਕੱਠੇ ਹੋ ਜਾਂਦੇ ਸਨ। ਜਿਨ੍ਹਾਂ ਨੂੰ ਮਾਸਟਰ ਹੋਰੀਂ ਇਕ ਦੋ ਘੰਟੇ ਲਾ ਕੇ ਸਿਖਾਂਦੇ ਸਨ ਉਸਤਾਦ ਦਾ ਅਦਬ ਤੇ ਇਹਤਰਾਮ ਇੰਨਾਂ ਹੋਣਾ ਕਿ ਛੁੱਟੀ ਤੋਂ ਬਾਅਦ ਵੀ ਬਾਲ ਮਾਸਟਰਾਂ ਤੋਂ ਡਰਦੇ ਪਿਲ਼ ਗੋਲੀ ਤੇ ਅਖ਼ਰੋਟ ਨਹੀਂ ਸਨ ਖੇਡ ਹੁੰਦੇ ਜੇ ਕਿਸੇ ਨੂੰ ਮਾਸਟਰ ਹੋਰਾਂ ਵੇਖ ਲਿਆ ਜਾਂ ਕਿਸੇ ਬੇਲੀ ਨੇ ਮਾਸਟਰ ਨੂੰ ਸ਼ਕਾਈਤ ਕਰ ਦਿੱਤੀ ਤੇ ਕੱਲ੍ਹ ਸਕੂਲੇ ਸ਼ਾਮਤ ਆ ਜਾਂਦੀ ਸੀ।

?ਅੱਜ ਵੀ ਜਦੋਂ ਉਹ ਵੇਲ਼ਾ ਯਾਦ ਆਉਂਦਾ ਏ ਤੇ ਅੱਖਾਂ 'ਚ ਅੱਥਰੂ ਆ ਜਾਂਦੇ ਨੇ, ਕਿੰਨੇ ਸੱਚੇ ਤੇ ਸੁੱਚੇ ਲੋਕ ਸਨ। ਬਾਲਾਂ ਦੀ ਪੜ੍ਹਾਈ ਦੇ ਪੈਸੇ ਲੈਣਾ ਚੰਗਾ ਨਹੀਂ ਸਨ ਸਮਝਦੇ ਤੇ ਹੁਣ ਇਕ ਇਕ ਹਰਫ਼ ਪੜ੍ਹਾਉਣ ਦਾ ਮੁਆਵਜ਼ਾ ਲਿਆ ਜਾਂਦਾ ਏ ।ਹੁਣ ਮਾਸਟਰਾਂ ਦਾ ਨਾ ਉਹ ਅਦਬ ਈ ਦਿਸਦਾ ਏ ਤੇ ਨਾ ਈ ਉਂਜ ਦੀ ਪੜ੍ਹਾਈ। ਉਦੋਂ ਦੇ ਦਸ ਪੜ੍ਹੇ ਹੁਣ ਵਾਲੇ ਚੌਦਾਂ ਪੜ੍ਹਿਆਂ ਤੋਂ ਚੰਗੇ ਨੇ ਅੱਜ ਵੀ ਮੇਰੇ ਕੋਲ਼ ਚੌਦਾਂ ਚੌਦਾਂ ਪੜ੍ਹੇ ਉਰਦੂ ਦੀ ਦਰਖ਼ਾਸਤ ਲਿਖਵਾਣ ਆਉਂਦੇ ਨੇ ਤੇ ਬੜਾ ਦੁੱਖ ਹੁੰਦਾ ਏ, ਸੌ ਗੱਲਾਂ ਦੀ ਇਕੋ ਗੱਲ ਉਹ ਵੇਲ਼ਾ ਬਹੁਤ ਚੰਗਾ ਸੀ ਪਰ ਕੀਹ ਕਰੀਏ ਉਹ ਮੁੜਨਾ ਥੋੜੀ ਏ..

**ਲਿਖਤ : ਯਾਸੀਨ ਯਾਸ**
**ਫੂਲ ਨਗਰ, ਕਸੂਰ, ਲਹਿੰਦਾ ਪੰਜਾਬ**
**ਗੁਰਮੁਖੀ ਲਿਪੀਅੰਤਰ: ਅਮਰਜੀਤ ਸਿੰਘ ਜੀਤ**

ਆਵਾਜ਼ਿ ਕੌਮ AWAZE QAUM
International Newspaper & WEB TV




ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

Waheguru Ji Ka Khalsa
Waheguru Ji Ke Fateh

Please join us to commemorate the 5th Barsi
In memory of our dearly beloved



# S. Serbjit Singh Landa

## SRI AKHAND PAATH SAHIB

31st January 2025 - 02nd February 2025

At Gurdwara Baba Budha Ji, Miri Piri House
329 Haydn Road, Nottingham, NG5 1DG

| | | |
|---|---|---|
| Friday 31st Jan 2025 | 10.00 am | Arambh Sri Akhand Paath Sahib |
| Sunday 2nd Feb 2025 | 11.00 am | Bhog Sri Akhand Paath Sahib |
| | 12.00 pm | Kirtan by Bhai Jagtar Singh Ji (Jammu Wale) |

Guru Ji Ka Langar will be served throughout the programme.

The Landa family warmly invites you to join us at the
Gurdwara Sahib to seek Guru Ji's blessings.

For additional information, please contact
S. Karamjit Singh Landa - 07855 979 263

ਆਵਾਜ਼ਿ ਕੌਮ
AWAZE QAUM
International Newspaper & WEB TV

## ਗੁਰੂ ਕਾਸ਼ੀ ਯੂਨੀਵਰਸਿਟੀ ਦੀ ਫੈਕਲਟੀ ਆਫ਼ ਮੈਨੇਜਮੈਂਟ ਐਂਡ ਕਾਮਰਸ ਭਾਰਤ ਦੇ

# ਸਰਬੋਤਮ "ਬੀ ਸਕੂਲ- 2025" ਸਨਮਾਨ ਨਾਲ ਸਨਮਾਨਿਤ




**ਤਲਵੰਡੀ ਸਾਬੋ, 20 ਜਨਵਰੀ (ਗੁਰਜੰਟ ਸਿੰਘ ਨਥੇਹਾ)**-ਗੈਰ ਸਰਕਾਰੀ ਸੰਸਥਾ ਕੈਰੀਅਰ 360 ਵੱਲੋਂ ਗੁਰੂ ਕਾਸ਼ੀ ਯੂਨੀਵਰਸਿਟੀ ਦੀ ਫੈਕਲਟੀ ਆਫ਼ ਮੈਨੇਜ਼ਮੈਂਟ ਐਂਡ ਕਾਮਰਸ ਨੂੰ ਭਾਰਤ ਦੀ ਸਰਬੋਤਮ ਬੀ ਸਕੂਲ–2025 ਨਾਲ ਸਨਮਾਨਿਤ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਪ੍ਰੋ.(ਡਾ.) ਪੀਯੂਸ਼ ਵਰਮਾ ਕਾਰਜਕਾਰੀ ਉਪ ਕੁਲਪਤੀ ਨੇ ਦੱਸਿਆ ਕਿ ਇਹ ਸਨਮਾਨ ਅਧਿਆਪਕਾਂ ਦੀ ਉੱਚ ਵਿੱਦਿਅਕ ਯੋਗਤਾ, ਉੱਤਮ ਬੁਨਿਆਦੀ ਢਾਂਚੇ, ਸ਼ਾਨਦਾਰ ਨਤੀਜਿਆਂ, ਵਿਦਿਆਰਥੀਆਂ ਦੀ ਵਧੀਆ ਪਲੇਸਮੈਂਟ, ਵਿਭਿੰਨਤਾ ਅਤੇ ਖੋਜ ਆਉਟ ਪੁੱਟ ਦੀ ਗੁਣਵੱਤਾ ਦਾ ਮੁਲਾਂਕਣ ਕਰਨ ਤੋਂ ਬਾਦ ਦਿੱਤਾ ਜਾਂਦਾ ਹੈ। ਉਨ੍ਹਾਂ ਇਸ ਪ੍ਰਾਪਤੀ ਦਾ ਸਿਹਰਾ ਵਰਸਿਟੀ ਦੇ ਪ੍ਰਬੰਧਕਾਂ ਦੀ ਯੋਗ ਰਹਿਨੁਮਾਈ, ਉੱਚ ਅਧਿਕਾਰੀਆਂ ਦੇ ਸਹਿਯੋਗ, ਫੈਕਲਟੀ ਮੈਂਬਰਾਂ ਦੀ ਮਿਹਨਤ ਅਤੇ ਵਿਦਿਆਰਥੀਆਂ ਦੀ ਵਧੀਆ ਕਾਰਗੁਜ਼ਾਰੀ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਪ੍ਰਾਪਤੀ ਨੇ ਸਾਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਹੈ ਤੇ ਭਵਿੱਖ ਵਿੱਚ ਉਨ੍ਹਾਂ ਵੱਲੋਂ ਹੋਰ ਵਧੀਆ ਨਤੀਜੇ ਦਿੱਤੇ ਜਾਣਗੇ। ਉਨ੍ਹਾਂ ਡਾ. ਨਵਨੀਤ ਸੇਠ ਐਸੋਸੀਏਟ ਡੀਨ ਅਤੇ ਸਮੂਹ ਟੀਮ ਨੂੰ ਇਸ ਪ੍ਰਾਪਤੀ ਦੀਆਂ ਵਧਾਈਆਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

## 1988 ਦੇ ਹੜ੍ਹਾਂ ਵਿਚ ਰੁੜੇ ਪਿੰਡ ਨੂੰ ਕਾਗਜ਼ਾਂ ਵਿਚ ਅੱਜ ਵੀ ਜਾਰੀ ਹੋ ਰਹੀ ਏ ਕਰੋੜਾਂ ਦੀ ਗਰਾਂਟ

# ਲਓ ਜੀ ਲੋਕਾਂ ਦੀ ਸਰਕਾਰ ਦੌਰਾਨ ਵੀ ਕਰੋੜਾਂ ਦੀ ਗਰਾਂਟ ਹੋਈ ਖੁਰਦ-ਬੁਰਦ





**ਫ਼ਿਰੋਜ਼ਪੁਰ, 20 ਜਨਵਰੀ (ਮਨੋਹਰ ਲਾਲ)** :— ਲਾਪਤਾ ਹੋ ਚੁੱਕੇ ਪਿੰਡ ਮਨੂਮਾਛੀ ਨੂੰ ਫਾਈਲਾਂ ਵਿਚ ਜਿੰਦਾ ਦਿਖਾ ਕੇ ਕਰੋੜਾਂ ਦੀ ਗਰਾਟਾਂ ਦਾ ਹੋਇਆ ਘਪਲਾ। ਜੀ ਹਾਂ ਫ਼ਿਰੋਜ਼ਪੁਰ ਦੇ ਉਪਰੋਕਤ ਪਿੰਡ ਦਾ ਜ਼ਿਕਰ ਹੁੰਦਿਆਂ ਜਿਥੇ ਦੋ ਵਿਭਾਗਾਂ ਦੀ ਕਹਿਣੀ ਅਲੱਗ–ਅਲੱਗ ਸਾਬਿਤ ਹੁੰਦੀ ਹੈ, ਉਥੇ ਇਕ ਵਿਭਾਗ ਵੱਲੋਂ ਇਸ ਪਿੰਡ ਨੂੰ ਸਤਲੁਜ਼ ਦੇ ਦਰਿਆ ਵਿਚ ਸਾਲ 1988 ਦੌਰਾਨ ਰੁੜ ਗਿਆ ਦਿਖਾਇਆ ਗਿਆ ਹੈ, ਪ੍ਰੰਤੂ ਦੂਸਰੇ ਵਿਭਾਗ ਵੱਲੋਂ ਇਸ ਪਿੰਡ ਦੇ ਵਿਕਾਸ ਲਈ ਕਰੋੜਾਂ ਦੀਆਂ ਗਰਾਂਟਾ ਜਾਰੀ ਕੀਤੀਆਂ ਗਈਆਂ ਹਨ। ਬੇਸ਼ੱਕ ਉਕਤ ਮਾਮਲਾ ਉਜਾਗਰ ਹੁੰਦਿਆਂ ਹੀ ਇਸ ਮਾਮਲੇ ਦੀ ਜਾਂਚ ਸ਼ੁਰੂ ਹੋ ਗਈ ਹੈ, ਪਰ ਇਸ ਜਾਂਚ ਦੇ ਭੇਦ ਜਦੋਂ ਉਜਾਗਰ ਹੋਣਗੇ ਤਾਂ ਕਰੀਬ 35 ਸਾਲਾਂ ਦੌਰਾਨ ਗਰਾਟਾਂ ਕਿਥੇ ਤੇ ਕਿਵੇਂ ਵਰਤੀਆਂ ਗਈਆਂ ਦਾ ਆਈਟਮ ਬੰਬ ਫਟਣਾ ਸਾਬਿਤ ਹੋਵੇਗਾ। ਜ਼ਿਕਰਯੋਗ ਹੈ ਕਿ ਪਿੰਡ ਚੱਕ ਮਨੂਮਾਛੀ ਸਾਲ 1988 ਦੌਰਾਨ ਆਏ ਹੜ੍ਹਾਂ ਵਿਚ ਵਹਿ ਗਿਆ ਸੀ ਅਤੇ ਇਹ ਪਿੰਡ ਸਤਲੁਜ਼ ਦਰਿਆ ਵਿਚ ਸਮਾ ਜਾਣ ਕਰਕੇ ਇਥੇ ਕੋਈ ਘਰ ਅਤੇ ਨਾ ਹੀ ਕੋਈ ਸੜਕ ਹੋਣ ਦੀ ਸੂਰਤ ਵਿਚ ਵੀ ਪਿਛਲੇ 25 ਸਾਲਾਂ ਤੋਂ ਉਕਤ ਪਿੰਡ ਦੀ ਪੰਚਾਇਤ ਬਣਦੀ ਰਹੀ ਅਤੇ ਕਾਗਜਾਂ ਵਿਚ ਗਰਾਟਾਂ ਨਾਲ ਵਿਕਾਸ ਹੁੰਦਾ ਰਿਹਾ, ਜਿਸ ਤੋਂ ਪਰਦਾ ਉਠਣ ਦੀ ਸੂਰਤ ਵਿਚ ਇਸ ਮਾਮਲੇ ਦੀ ਜਾਂਚ ਵਿਜੀਲੈਂਸ ਨੂੰ ਸੌਂਪ ਦਿੱਤੀ ਗਈ ਹੈ। ਦਸਣਯੋਗ ਹੈ ਕਿ ਹੜ੍ਹਾਂ ਤੋਂ ਬਚ ਕੇ ਇਸ ਪਿੰਡ ਤੋਂ 40 ਪਰਿਵਾਰ ਨੇ ਕਿਧਰੇ ਹੋਰ ਆਪਣਾ ਰਹਿਣ ਬਸੇਰਾ ਕਰ ਲਿਆ, ਜ਼ੋ ਅੱਜ ਵੀ ਪਿੰਡ ਵਾਪਸ ਨਹੀਂ ਆਏ ਅਤੇ ਇਹ ਪਰਿਵਾਰ ਪਿਛਲੇ ਲੰਬੇ ਅਰਸੇ ਤੋਂ ਲਾਗਲੇ ਪਿੰਡਾਂ ਦਾਰਾਪੁਰ, ਟਿੱਬੀ ਆਦਿ ਪਿੰਡ ਵਿਚ ਰਹਿ ਰਹੇ ਹਨ। ਇਸ ਪਿੰਡ ਦੀ ਹੋਂਦ ਨੂੰ ਕਾਗਜ਼ਾਂ ਵਿਚ ਬਰਕਰਾਰ ਰੱਖਦਿਆਂ ਪੰਚਾਇਤੀ ਚੋਣਾਂ ਦੌਰਾਨ ਲਾਗਲੇ ਪਿੰਡ ਵਿਚ ਬੂਥ ਲਗਾ ਕੇ ਵੋਟਿੰਗ ਹੁੰਦੀ ਰਹੀ ਅਤੇ ਹਰ ਵਾਰ ਪੰਚਾਇਤ ਬਣਾਉਣ ਦੇ ਨਾਲ–ਨਾਲ ਉਸ ਪਿੰਡ ਲਈ ਗਰਾਂਟ ਜਾਰੀ ਕੀਤੀ ਜਾਂਦੀ ਰਹੀ, ਜ਼ੋ ਅਸਲ ਵਿਚ ਸਤਲੁਜ਼ ਦਰਿਆ ਵਿਚ ਰਲ ਚੁੱਕਾ ਹੈ। ਦਸਣਯੋਗ ਇਹ ਵੀ ਹੈ ਕਿ ਇਸ ਪਿੰਡ ਵਿਚ ਕੋਈ ਵੀ ਘਰ ਨਹੀਂ ਅਤੇ ਨਾ ਹੀ ਕੋਈ ਗਲੀ, ਸੜਕ, ਨਾਲੀ ਜਾਂ ਸਮਸ਼ਾਨਘਾਟ ਕੁਝ ਵੀ ਨਹੀਂ, ਪਰ ਪਿੰਡ ਦੇ ਵਿਕਾਸ ਲਈ ਗਰਾਂਟ ਜਾਰੀ ਹੁੰਦੀ ਰਹੀ ਅਤੇ ਇਹ ਗਰਾਂਟ ਕਿਥੇ ਖਰਚ ਹੋਈ ਵੀ ਵੱਡਾ ਸਵਾਲ ਹੈ। ਪਿੰਡ ਚੱਕ ਮਨੂਮਾਛੀ ਵਿਚ ਹੋਏ ਗਰਾਂਟ ਦੇ ਘਪਲੇ ਦੀ ਸ਼ਿਕਾਇਤ ਮਿਲਦਿਆਂ ਵਿਜੀਲੈਂਸ ਵੱਲੋਂ ਜੁਲਾਈ 2013 ਵਿਚ ਜਾਂਚ ਸ਼ੁਰੂ ਕੀਤੀ ਗਈ, ਜਿਸ ਦੀ ਰਿਪੋਰਟ 2016 ਵਿਚ ਬਣੀ ਸੀ ਅਤੇ ਇਸ ਰਿਪੋਰਟ ਵਿਚ ਇੰਸਪੈਕਟਰ ਸੁਭਾਸ਼ ਚੰਦਰ ਨੇ ਪਿੰਡ ਦਾ ਨਾਮ ਚੱਕ ਮਨੂਮਾਛੀ ਦੀ ਬਜਾਏ ਮਨੂਮਾਛੀ ਦਾਖਲੀ ਟਿੱਬੀ ਲਿਖਿਆ ਸੀ। ਇਸ ਸਬੰਧੀ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਗਿਆ, ਪਰ ਉਨ੍ਹਾਂ ਨਾਲ ਸੰਪਰਕ ਨਹੀਂ ਹੋਇਆ, ਜਦੋਂ ਕਿ ਲਾਗਲੇ ਪਿੰਡਾਂ ਦੇ ਲੋਕਾਂ ਨੇ ਕਿਹਾ ਕਿ ਇਸ ਪਿੰਡ ਨੂੰ ਕਰੀਬ 30 ਸਾਲਾਂ ਤੋਂ ਕਾਗਜ਼ਾਂ ਵਿਚ ਜੀਵਤ ਰੱਖਣ ਪਿਛੇ ਅਧਿਕਾਰੀਆਂ ਦੀ ਕੀ ਮਨਸ਼ਾ ਹੈ ਅਤੇ ਉਨ੍ਹਾਂ ਇਸ ਪਿੰਡ ਨੂੰ ਗਰਾਟਾਂ ਜਾਰੀ ਕਰਕੇ ਉਨ੍ਹਾਂ ਦੀ ਕਿਥੇ ਤੇ ਕਿਵੇਂ ਵਰਤੋਂ ਕੀਤੀ ਤੋਂ ਪਰਦਾ ਉਠਣਾ ਜ਼ਰੂਰੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਟਰੱਸਟ ਸਦਾਵਰਤ ਪੰਚਾਇਤੀ ਵੱਲੋਂ 101 ਗਰੀਬ ਤੇ ਲੋੜਵੰਦ ਪਰਿਵਾਰਾਂ ਨੂੰ ਵੰਡਿਆ ਰਾਸ਼ਨ

**ਫ਼ਿਰੋਜ਼ਪੁਰ, 20 ਜਨਵਰੀ (ਮਨੋਹਰ ਲਾਲ)** :— ਟਰੱਸਟ ਸਦਾਵਰਤ ਪੰਚਾਇਤੀ ਵੱਲੋਂ 101 ਗਰੀਬ, ਵਿਧਵਾ, ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕੀਤੀ ਕਿ ਜਿਨ੍ਹਾਂ ਪਰਿਵਾਰਾਂ ਨੇ ਰਲ ਮਿਲ ਕੇ ਇਹ ਟਰੱਸਟ ਬਣਾਇਆ, ਜਿਨ੍ਹਾਂ ਨੇ ਆਪਣੀ ਕੀਮਤੀ ਜਾਇਦਾਦਾਂ ਇਸ ਟਰੱਸਟ ਸਦਾਵਰਤ ਪੰਚਾਇਤੀ ਦੇ ਨਾਮ ਤੇ ਕਰਵਾਇਆ, ਉਨ੍ਹਾਂ ਪਰਿਵਾਰਾਂ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਤੇ ਸ੍ਰੀ ਪੀ.ਸੀ ਕੁਮਾਰ, ਰਜਨੀਸ਼ ਕਪੂਰ ਰਿਟਾਇਰਡ ਮੈਨੇਜਰ ਪੰਜਾਬ ਨੈਸ਼ਨਲ ਬੈਂਕ, ਔਮ ਪ੍ਰਕਾਸ਼ ਕੈਸ਼ੀਅਰ, ਡੀ.ਕੇ ਬਜਾਜ, ਮਨੂ ਕਪੂਰ ਹਾਜ਼ਰ ਸਨ। ਇਸ ਮੌਕੇ ਤੇ ਸ੍ਰੀ ਪੀ.ਸੀ ਕੁਮਾਰ ਨੇ ਬੋਲਦਿਆਂ ਕਿਹਾ ਕਿ ਇਹ ਟਰੱਸਟ ਸਦਾਵਰਤ ਪੰਚਾਇਤੀ ਜ਼ੋ ਕਿ 1914 ਵਿਚ ਉਸ ਵੇਲੇ ਬਣਿਆ ਜਦੋਂ ਲੋਕ ਭੁਖਮਰੀ ਦਾ ਸ਼ਿਕਾਰ ਹੋ ਗਏ ਅਤੇ ਇਥੇ ਦੇਸ਼ ਵਿਚ ਅਕਾਲ ਪੈ ਗਿਆ ਸੀ ਅਤੇ ਲੋਕ ਭੁੱਖੇ ਭਾਣੇ ਰਹਿਣ ਲੱਗੇ ਤਾਂ ਕੁਝ ਦਾਨੀ ਸੱਜਣਾਂ ਨੇ ਰਲ ਮਿਲ ਕੇ ਟਰੱਸਟ ਸਦਾਵਰਤ ਬਣਾਇਆ ਅਤੇ ਆਪਣੀਆਂ ਜਾਇਦਾਦਾਂ ਵੇਚ ਕੇ ਅਤੇ ਆਪਣੀਆਂ ਜਾਇਦਾਦਾਂ ਇਸ ਦੇ ਨਾ ਤੇ ਕਰਵਾਈਆਂ, ਜਿਸ ਨਾਲ ਅੱਜ ਤੱਕ ਲੋੜਵੰਦ ਪਰਿਵਾਰਾਂ ਦੀ ਹਰ ਤਰ੍ਹਾਂ ਦੀ ਮੱਦਦ ਕੀਤੀ ਜਾਂਦੀ ਹੈ ਅਤੇ ਬੇਸਹਾਰਾ, ਵਿਧਵਾ ਔਰਤਾਂ ਅਤੇ ਅਨਾਥ ਬੱਚਿਆਂ ਲਈ ਫੀਸਾਂ, ਕਿਤਾਬਾਂ ਅਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਅਤੇ ਸਿਲਾਈ ਮਸ਼ੀਨਾਂ, ਰਜਾਈਆਂ, ਗੱਦੇ, ਸ਼ਾਲ, ਜਰਸੀਆਂ, ਚੱਪਲ, ਬੂਟ ਅਤੇ ਟੀ.ਬੀ ਮਰੀਜਾਂ ਲਈ ਦਵਾਈਆਂ ਸਿਵਲ ਹਸਪਤਾਲ ਵਿਚ ਮਰੀਜਾਂ ਨੂੰ ਦਵਾਈਆਂ ਲੈ ਕੇ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ ਤੇ ਸ੍ਰੀ ਰਜਨੀਸ਼ ਕਪੂਰ ਰਿਟਾਇਰਡ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਨੇ ਬੋਲਦਿਆਂ ਕਿਹਾ ਕਿ ਸਾਨੂੰ ਲੋੜਵੰਦ ਪਰਿਵਾਰਾਂ ਦੀ ਵੱਧ ਤੋਂ ਵੱਧ ਮੱਦਦ ਕਰਨੀ ਚਾਹੀਦੀ ਹੈ ਤਾਂ ਕਿ ਕੋਈ ਵੀ ਪਰਿਵਾਰ ਭੁੱਖਾ ਨਾ ਸੋਵੇ। ਇਸ ਮੌਕੇ ਤੇ ਮਿਸਿਜ਼ ਮਿਨੂ ਕਪੂਰ ਨੇ ਬੋਲਦਿਆਂ ਕਿਹਾ ਕਿ ਮਨੁੱਖਤਾ ਦੀ ਸੇਵਾ ਇਕ ਸੱਚੀ–ਮੁਚੀ ਸੇਵਾ ਹੈ, ਸਾਨੂੰ ਆਪਣੀ ਕੀਰਤ ਕਮਾਈ ਵਿਚੋਂ ਦਸਵੰਧ ਕੱਢ ਕੇ ਇਨ੍ਹਾਂ ਲੋੜਵੰਦ ਪਰਿਵਾਰਾਂ ਦੀ ਵੱਧ ਤੋਂ ਵੱਧ ਮੱਦਦ ਕਰਨੀ ਚਾਹੀਦੀ ਹੈ।



# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ. ਅਜਨਾਲਾ ਵੱਲੋਂ ਜਥੇਦਾਰ ਸਾਹਿਬਾਨ ਵਿਰੁੱਧ ਬਿਆਨਬਾਜ਼ੀ ਦੀ ਕੀਤੀ ਨਿਖੇਧੀ

## ਹਰਿਆਣਾ ਕਮੇਟੀ ਦੇ ਨਤੀਜਿਆਂ ਨੇ ਸਰਕਾਰੀ ਹੱਥਠੋਕਿਆਂ ਨੂੰ ਦਖਾਇਆ ਸ਼ੀਸ਼ਾ- ਐਡਵੋਕੇਟ ਹਰਜਿੰਦਰ ਸਿੰਘ ਧਾਮੀ



**ਅੰਮ੍ਰਿਤਸਰ 20 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ.ਅਮਰੀਕ ਸਿੰਘ ਅਜਨਾਲਾ ਵੱਲੋਂ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੇ ਪੁਤਲੇ ਸਾੜਨ ਅਤੇ ਉਨ੍ਹਾਂ ਵਿਰੁੱਧ ਬਿਆਨਬਾਜ਼ੀ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਤਖ਼ਤਾਂ ਦੇ ਜਥੇਦਾਰਾਂ ਦਾ ਸਿੱਖ ਕੌਮ ਅੰਦਰ ਵੱਡਾ ਸਤਿਕਾਰ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਉਨ੍ਹਾਂ ਪ੍ਰਤੀ ਗਲਤ ਬਿਆਨਬਾਜ਼ੀ ਕਰਨ ਤੋਂ ਪਹਿਲਾਂ ਜ਼ਰੂਰ ਸੋਚਣਾ ਚਾਹੀਦਾ ਹੈ। ਇਹ ਹਰਗਿਜ਼ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿ ਕੌਮ ਦੇ ਸਰਵਉੱਚ ਅਸਥਾਨ ਅਤੇ ਕੌਮ ਦੀਆਂ ਸਨਮਾਨਿਤ ਸ਼ਖ਼ਸੀਅਤਾਂ ਦਾ ਕੋਈ ਨਿਰਾਦਰ ਕਰੇ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਆਮ ਚੋਣਾਂ ਦੇ ਆਏ ਨਤੀਜਿਆਂ 'ਤੇ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ ਕਿ ਇਹ ਨਤੀਜੇ ਸਰਕਾਰਾਂ ਦੇ ਹੱਥਾਂ ਵਿਚ ਖੇਡ ਰਹੇ ਲੋਕਾਂ ਨੂੰ ਸੰਗਤ ਵੱਲੋਂ ਦਿਖਾਇਆ ਗਿਆ ਸ਼ੀਸ਼ਾ ਹੈ। ਉਨ੍ਹਾਂ ਆਖਿਆ ਕਿ ਸ. ਬਲਜੀਤ ਸਿੰਘ ਦਾਦੂਵਾਲ ਸਮੇਤ ਸਰਕਾਰੀ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰਾਂ ਨੂੰ ਸੰਗਤ ਵੱਲੋਂ ਨਕਾਰਿਆ ਜਾਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਗੁਰੂ ਦੇ ਸਿੱਖ ਕਦੇ ਵੀ ਗੁਰਧਾਮਾਂ ਦੇ ਪ੍ਰਬੰਧ ਅੰਦਰ ਸਰਕਾਰੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਭਾਵੇਂ ਸ਼੍ਰੋਮਣੀ ਕਮੇਟੀ ਵੱਖਰੀ ਹਰਿਆਣਾ ਕਮੇਟੀ ਦੇ ਹੱਕ ਵਿਚ ਨਹੀਂ ਹੈ, ਪਰੰਤੂ ਫਿਰ ਵੀ ਸੰਗਤ ਨੇ ਜਿਨ੍ਹਾਂ ਨੂੰ ਮੈਂਬਰ ਚੁਣਿਆ ਉਨ੍ਹਾਂ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਸਿੱਖ ਸਿਧਾਂਤਾਂ, ਪੰਥਕ ਮਾਨਤਾਵਾਂ ਅਤੇ ਗੁਰਦੁਆਰਾ ਪ੍ਰਬੰਧ ਦੀ ਪੰਥਕ ਭਾਵਨਾਵਾਂ ਅਨੁਸਾਰ ਸੇਵਾ ਸੰਭਾਲ ਲਈ ਦ੍ਰਿੜ੍ਹਤਾ ਨਾਲ ਵਚਨਬੱਧ ਹੋਣ।

ਆਵਾਜ਼ਿ ਕੌਮ AWAZE QAUM International Newspaper & WEB TV

## ਸਿੱਖ ਵਿਦਵਾਨ ਪ੍ਰਿੰਸੀਪਲ ਰਾਮ ਸਿੰਘ ਦੇ ਚਲਾਣੇ 'ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਦੁੱਖ ਪ੍ਰਗਟ



**ਅੰਮ੍ਰਿਤਸਰ 20 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਟਰੱਸਟੀ ਤੇ ਸਿੱਖ ਵਿਦਵਾਨ ਪ੍ਰਿੰਸੀਪਲ ਰਾਮ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰਾ ਅਫ਼ਸੋਸ ਪ੍ਰਗਟ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪ੍ਰਿੰਸੀਪਲ ਰਾਮ ਸਿੰਘ ਸਿੱਖ ਕੌਮ ਦੇ ਉੱਘੇ ਵਿਦਵਾਨ ਸਨ, ਜਿਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਵੱਡੇ ਕਾਰਜ ਕੀਤੇ। ਉਨ੍ਹਾਂ ਨੌਜਵਾਨਾਂ ਨੂੰ ਸਿੱਖ ਵਿਰਸੇ ਨਾਲ ਜੋੜਨ ਲਈ ਸਿੱਖ ਸੰਸਥਾਵਾਂ ਨਾਲ ਰਲ ਕੇ ਸਕੂਲਾਂ ਕਾਲਜਾਂ ਵਿਚ ਧਰਮ ਪ੍ਰਚਾਰ ਕੀਤਾ। ਉਨ੍ਹਾਂ ਕਿਹਾ ਕਿ ਪ੍ਰਿੰਸੀਪਲ ਰਾਮ ਸਿੰਘ ਦੇ ਸੰਸਾਰ ਤੋਂ ਚਲੇ ਜਾਣ ਨਾਲ ਪਰਿਵਾਰ ਅਤੇ ਸਿੱਖ ਪੰਥ ਨੂੰ ਵੱਡਾ ਘਾਟਾ ਪਿਆ ਹੈ। ਐਡਵੋਕੇਟ ਧਾਮੀ ਨੇ ਪ੍ਰਿੰਸੀਪਲ ਰਾਮ ਸਿੰਘ ਦੇ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਵਾਹਿਗੁਰੂ ਦੇ ਚਰਨਾ ਵਿਚ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਚਰਨਾ ਵਿਚ ਨਿਵਾਸ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਵੀ ਪ੍ਰਿੰਸੀਪਲ ਰਾਮ ਸਿੰਘ ਦੇ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ।

ਆਵਾਜ਼ਿ ਕੌਮ AWAZE QAUM International Newspaper & WEB TV

## ਆਪ ਸਰਕਾਰ ਵਪਾਰੀਆਂ ਨੂੰ ਨਾਲ ਲੈ ਕੇ ਚੱਲਣ ਲਈ ਵਚਨਬੱਧ : ਹਰਜਿੰਦਰ ਸਿੰਘ ਉਸਮਾਂ



**ਚੌਂਕ ਮਹਿਤਾ, 20 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਆਮ ਆਦਮੀ ਪਾਰਟੀ ਦੇ ਵਪਾਰ ਮੰਡਲ ਦੇ ਸੂਬਾ ਪ੍ਰਧਾਨ ਅਤੇ ਪੰਜਾਬ ਸਟੇਟ ਟਰੇਡਰਜ ਕਮਿਸ਼ਨ ਦੇ ਮੈਂਬਰ ਸ਼੍ਰੀ ਵਿਨੀਤ ਵਰਮਾ ਦੀ ਅਗਵਾਈ ਵਿਚ ਮੁਹਾਲੀ ਦਫਤਰ ਵਿਖੇ ਇਕ ਵਿਸ਼ੇਸ਼ ਮੀਟਿੰਗ ਹੋਈ। ਜਿਸ ਵਿਚ ਜਿਲ੍ਹਾ ਅੰਮ੍ਰਿਤਸਰ ਤੋਂ ਐਕਸਾਈਜ ਐਂਡ ਟੈਕਸੇਸ਼ਨ ਸਲਾਹਕਾਰ ਕਮੇਟੀ ਦੇ ਮੈਂਬਰ ਹਰਜਿੰਦਰ ਸਿੰਘ ਉਸਮਾਂ, ਸੁਰਿੰਦਰ ਸਿੰਘ ਮਟੌਰ ਮੁਹਾਲੀ, ਜਗਜੀਤ ਸਿੰਘ ਰੰਧਾਵਾ ਉਸਮਾਂ, 'ਆਪ' ਆਗੂ ਮਨਜਿੰਦਰ ਸਿੰਘ ਉਸਮਾਂ ਤੇ ਸੀਨੀਅਰ ਆਗੂ ਸਤਨਾਮ ਸਿੰਘ ਉਸਮਾਂ ਤੋਂ ਇਲਾਵਾ ਵਪਾਰ ਮੰਡਲ ਨਾਲ ਜੁੜੀਆਂ ਹੋਰ ਵੀ ਸਖਸ਼ੀਅਤਾਂ ਮੌਜੂਦ ਸਨ। ਇਸ ਦੌਰਾਨ ਵੱਖ ਵੱਖ ਕਾਰੋਬਾਰੀਆਂ ਵੱਲੋਂ ਆਪੋ ਆਪਣੇ ਕਿੱਤੇ ਨਾਲ ਜੁੜੀਆਂ ਸਮੱਸਿਆਵਾਂ ਸਾਂਝੀਆਂ ਕੀਤੇ ਜਾਣ ਦੇ ਬਾਅਦ ਸ਼੍ਰੀ ਵਿਨੀਤ ਵਰਮਾਂ ਨੇ ਇਹ ਮੁਸ਼ਿਕਲਾਂ ਜਲਦ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਇਥੇ ਮੌਜੂਦ ਐਕਸਾਈਜ ਐਂਡ ਟੈਕਸੇਸ਼ਨ ਸਲਾਹਕਾਰ ਕਮੇਟੀ ਦੇ ਮੈਂਬਰ ਹਰਜਿੰਦਰ ਸਿੰਘ ਉਸਮਾਂ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਵਪਾਰੀਆਂ ਨੂੰ ਨਾਲ ਲੈ ਕੇ ਚੱਲਣ ਲਈ ਵਚਨਬੱਧ ਹੈ। ਦਰਅਸਲ ਸਰਕਾਰ ਵਪਾਰੀਆਂ ਦੇ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਨਵੀਆਂ ਨੀਤੀਆਂ ਘੜ ਰਹੀ ਹੈ, ਤਾਂ ਜੋ ਵਪਾਰ ਦਾ ਕੋਈ ਨੁਕਸਾਨ ਨਾ ਹੋਵੇ ਅਤੇ ਨਾ ਹੀ ਕੋਈ ਨੀਤੀ ਸਰਕਾਰ ਲਈ ਨੁਕਸਾਨ ਦੇਹ ਸਾਬਿਤ ਹੋਵੇ। ਉਨ੍ਹਾਂ ਆਖਿਆ ਕਿ ਜ਼ੇਕਰ ਸੂਬੇ ਦੇ ਵਪਾਰੀਆਂ ਨੂੰ ਕੋਈ ਵੀ ਮੁਸ਼ਿਕਲ ਪੇਸ਼ ਆਉਂਦੀ ਹੈ ਤਾਂ ਉਹ ਤੁਰੰਤ ਸ਼੍ਰੀ ਵਿਨੀਤ ਵਰਮਾਂ ਦੇ ਧਿਆਨ ਵਿਚ ਲਿਆਉਣ ਤਾਂ ਜੋ ਸਮੇਂ ਸਿਰ ਇਨਾਂ ਮੁਸ਼ਿਕਲਾਂ ਨੂੰ ਸੁਲਝਾਇਆ ਜਾ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV

### ਸਿੱਖਾਂ ਖਿਲਾਫ ਨਫਰਤੀ ਪ੍ਰਚਾਰ ਕਰਣ ਵਾਲੇ ਕੈਨੇਡੀਅਨ ਐਮਪੀ ਚੰਦਰ ਆਰੀਆ ਦਾ

# ਵੈਨਕੂਵਰ ਵਿਖ਼ੇ ਭਾਰਤੀ ਅੰਬੈਸੀ ਮੂਹਰੇ ਹੋਇਆ ਜ਼ੋਰਦਾਰ ਵਿਰੋਧ



**ਨਵੀਂ ਦਿੱਲੀ 20 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਜਿਨਾਂ ਨੂੰ 18 ਜੂਨ 2023 ਨੂੰ ਗੁਰੂ ਘਰ ਦੀ ਪਾਰਕਿੰਗ ਵਿੱਚ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ ਸੀ, ਉਹਨਾਂ ਦੀ ਯਾਦ ਵਿੱਚ ਭਾਰਤੀ ਅੰਬੈਸੀ ਵੈਨਕੂਵਰ ਮੂਹਰੇ ਹਰ ਮਹੀਨੇ ਕਿਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਵਿੱਚ ਬੀਤੇ ਇਕ ਦਿਨ ਪਹਿਲਾਂ ਸੈਂਕੜੇ ਸੰਗਤਾਂ ਨੇ ਭਾਗ ਲਿਆ ਅਤੇ ਭਾਰਤੀ ਹਕੂਮਤ ਦੇ ਖਿਲਾਫ ਜੰਮ ਕੇ ਨਾਅਰੇਬਾਜੀ ਕਰਣ ਦੇ ਨਾਲ ਆਪਣਾ ਰੋਸ ਵਿਖਾਇਆ ।ਭਾਈ ਨਰਿੰਦਰ ਸਿੰਘ ਖਾਲਸਾ ਵਲੋਂ ਭੇਜੀ ਗਈ ਰਿਪੋਰਟ ਮੁਤਾਬਿਕ ਕੈਨੇਡਾ ਦਾ ਐਮਪੀ ਚੰਦਰ ਆਰੀਆ ਜੋ ਕਿ ਹਿੰਦ ਦੀ ਸ਼ਿਹ ਤੇ ਕੈਨੇਡਾ ਵਿੱਚ ਭਾਰਤੀ ਦਖਲਅੰਦਾਜ਼ੀ ਨੂੰ ਅੰਜਾਮ ਦਿੰਦਾ ਹੈ, ਉਸਦਾ ਵਿਰੋਧ ਕੀਤਾ ਗਿਆ ਅਤੇ ਉਸਦਾ ਪੁਤਲਾ ਬਣਾਕੇ ਓਸ ਨੂੰ ਬੇਇੱਜਤ ਕਰਣ ਦੇ ਨਾਲ ਆਰੀਆ ਨੂੰ ਚੇਤਾਵਨੀ ਦਿੱਤੀ ਗਈ ਕਿ ਜੇ ਉਹ ਸਿੱਖਾਂ ਵਿਰੁੱਧ ਨਫਰਤੀ ਪ੍ਰਚਾਰ ਤੋਂ ਬਾਜ਼ ਨਹੀਂ ਆਇਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਉਸ ਨੂੰ ਕਟਹਿਰੇ ਵਿੱਚ ਖੜਾ ਕੀਤਾ ਜਾਵੇਗਾ। ਇਸ ਦੌਰਾਨ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਤੋ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਖ਼ਾਲਸਾ, ਅਵਤਾਰ ਸਿੰਘ ਖਹਿਰਾ, ਗੁਰਮੀਤ ਸਿੰਘ ਗਿੱਲ ਵੱਲੋਂ ਜਿੱਥੇ ਭਾਰਤੀ ਸਰਕਾਰ ਵਲੋਂ ਸਿੱਖਾਂ ਤੇ ਕੀਤੇ ਗਏ ਅਤੇ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਦਸਿਆ ਗਿਆ ਉਥੇ ਹੀ 26 ਜਨਵਰੀ ਨੂੰ ਭਾਰਤੀ ਗਣਤੰਤਰ ਦਿਵਸ ਅਤੇ ਭਾਰਤੀ ਸਵਿੰਧਾਨ ਦੇ ਵਿਰੋਧ ਵਿੱਚ ਸੰਗਤ ਨੂੰ ਭਾਰੀ ਗਿਣਤੀ ਵਿੱਚ ਭਾਰਤੀ ਅੰਬੈਸੀ ਵੈਨਕੂਵਰ ਵਿਖੇ ਪਹੁੰਚਣ ਦੀ ਅਪੀਲ ਵੀ ਕੀਤੀ ਗਈ ਹੈ ।ਉਨ੍ਹਾਂ ਦਸਿਆ ਕਿ ਭਾਰਤੀ ਏਜੰਟ ਇਹਨਾਂ ਮੁਜ਼ਾਹਰਿਆਂ ਨੂੰ ਬੰਦ ਕਰਵਾਉਣਾ ਚਾਹੁੰਦੇ ਹਨ ਪਰ ਇਹ ਓਹਦੋਂ ਤੱਕ ਬੰਦ ਨਹੀਂ ਹੋਣਗੇ ਜਦੋਂ ਤੱਕ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲ ਜਾਂਦਾ। ਅਮਰੀਕਾ ਦੇ ਐਲ.ਏ. ਅੰਦਰ 23 ਮਾਰਚ 2025 ਵਿੱਚ ਹੋਣ ਵਾਲੇ ਰੈਫਰੰਡਮ ਵਿੱਚ ਵੀ ਸਰੀ ਕੈਨੇਡਾ ਦੀ ਸਿੱਖ ਸੰਗਤ ਅਤੇ ਕੌਮੀ ਘਰ ਦੇ ਚਾਹਵਾਨਾਂ ਨੂੰ ਵੱਧ ਤੋਂ ਵੱਧ ਉਥੇ ਪਹੁੰਚਣ ਦੀ ਵੀ ਅਪੀਲ ਕੀਤੀ ਗਈ ਤਾਂ ਜੋ ਸਭ ਵਿੱਚ ਉਤਸ਼ਾਹ ਪੈਦਾ ਹੋਵੇ ਅਤੇ ਇੱਕ ਮਿਸਾਲ ਕਾਇਮ ਹੋਵੇ । ਇਸ ਮੌਕੇ ਤੇ ਭਾਈ ਮਨਜਿੰਦਰ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਗੁਰਦੁਆਰਾ ਐਬਟਸਫੋਰਡ, ਹਰਪਾਲ ਸਿੰਘ ਬੁੱਟਰ, ਸਿੱਖਸ ਫਾਰ ਜਸਟਿਸ ਤੋਂ ਬਾਬਾ ਰਣਜੀਤ ਸਿੰਘ ਸਮੇਤ ਵਡੀ ਗਿਣਤੀ ਅੰਦਰ ਸੰਗਤ ਸ਼ਾਮਲ ਹੋਈ ਸੀ।

### ਜ਼ੇਕਰ ਬਾਦਲ ਦਲ 2 ਦਸੰਬਰ ਦੇ ਫੈਸਲੇ ਨੂੰ ਮੰਨਣ ਤੋਂ ਬਾਗੀ ਹੁੰਦੇ ਹਨ ਤਾਂ

# ਯੂਕੇ ਵਿਚ ਉਨ੍ਹਾਂ ਦਾ ਹੋਵੇਗਾ ਮੁਕੰਮਲ ਬਾਈਕਾਟ : ਸਿੱਖ ਜੱਥੇਬੰਦੀਆਂ ਯੂਕੇ ਅਤੇ ਪ੍ਰਬੰਧਕ ਕਮੇਟੀਆਂ



**ਨਵੀਂ ਦਿੱਲੀ 20 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਬੀਤੇ ਦਿਨ ਯੂਕੇ ਦੇ ਗੁਰੂ ਨਾਨਕ ਗੁਰਦੁਆਰਾ ਹਾਈ ਸਟਰੀਟ ਸਮੈਥਿਕ ਵਿਖੇ ਸਮੁੱਚੇ ਗੁਰਦੁਆਰਾ ਸਾਹਿਬਾਨ, ਪੰਥਕ ਜਥੇਬੰਦੀਆਂ ਅਤੇ ਪੰਥਕ ਦਰਦੀਆਂ ਦਾ ਬਹੁਤ ਹੀ ਭਰਾਵਾਂ ਇਕੱਠ ਹੋਇਆ ਜਿਸ ਵਿੱਚ ਬੜੇ ਦੁੱਖੀ ਹਿਰਦੇ ਨਾਲ ਸਾਰੇ ਇੱਕਠ ਨੇ ਮਹਿਸੂਸ ਕੀਤਾ ਕਿ ਸਿੱਖ ਕੌਮ ਦੀ ਭਾਵਨਾ ਨੂੰ ਠੇਸ ਲਾਉਣ ਲਈ ਦੋ ਦਸੰਬਰ 2024 ਨੂੰ ਸ਼੍ਰੀ ਅਕਾਲ ਤਖਤ ਸਾਹਿਬ ਜੀ ਤੋਂ ਜੋ ਫੈਸਲੇ ਲਏ ਗਏ ਸਨ ਉਹਨਾਂ ਨੂੰ ਮੌਜੂਦਾ ਅਕਾਲੀ ਦਲ ਨੇ ਮਨਣ ਤੋਂ ਬਿਲਕੁਲ ਨਕਾਰ ਦਿੱਤਾ ਹੈ।ਜਿਸ ਨਾਲ

## ਜੱਥੇਦਾਰ ਅਕਾਲ ਤਖਤ ਸਾਹਿਬ ਆਪਣੇ ਫੈਸਲਿਆਂ ਨੂੰ ਇੰਨ ਬਿੰਨ ਲਾਗੂ ਕਰਵਾਣ

ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਬਹੁਤ ਵੱਡੀ ਠੇਸ ਲੱਗੀ ਹੈ। ਇਸ ਲਈ ਇਹ ਇਕੱਠ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇਹ ਬੇਨਤੀ ਕਰਦਾ ਕਿ ਸਤਿਕਾਰਯੋਗ ਸਿੰਘ ਸਾਹਿਬ ਜੀ ਜੋ ਫੈਸਲੇ ਉਥੇ 2 ਦਸੰਬਰ 2024 ਨੂੰ ਲਏ ਗਏ ਹਨ ਸਮੁੱਚੀ ਕੌਮ ਅਤੇ ਇੰਗਲੈਂਡ ਦੇ ਸਮੂਹ ਗੁਰੂ ਘਰ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਦਰਦੀਆਂ ਦੀ ਜਥੇਬੰਦੀਆਂ ਉਹਨਾਂ ਫੈਸਲਿਆਂ ਦੇ ਨਾਲ ਡੱਟ ਕੇ ਖੜੀਆਂ ਹਨ । ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹਨਾਂ ਫੈਸਲਿਆਂ ਨੂੰ ਜਿਸ ਢੰਗ ਨਾਲ ਲਏ ਗਏ ਹਨ ਉਹਨਾਂ ਵਿੱਚ ਬਿਨਾਂ ਕਿਸੇ ਤਬਦੀਲੀ ਤੋਂ ਉਹਨਾਂ ਨੂੰ ਹਰ ਹਾਲਤ ਵਿੱਚ ਉਸੇ ਤਰ੍ਹਾਂ ਬਿਨਾਂ ਛੇੜਛਾੜ ਕੀਤੇ ਲਾਗੂ ਕੀਤਾ ਜਾਵੇ ਅਤੇ ਸੁਖਬੀਰ ਬਾਦਲ ਦਾ ਲਾਣਾ ਜੋ ਕਿਸੇ ਨਾ ਕਿਸੇ ਢੰਗ ਨਾਲ ਉਹਨਾਂ ਨੂੰ ਨਹੀਂ ਮੰਨ ਰਹੇ ਉਹਨਾਂ ਤੇ ਸਖਤ ਕਾਰਵਾਈ ਕੀਤੀ ਜਾਵੇ ।ਆਪ ਜੀ ਦੀ ਜਾਣਕਾਰੀ ਲਈ ਦਸ ਰਹੇ ਹਾਂ ਕਿ ਇੰਗਲੈਂਡ ਦੇ ਸਿੱਖਾਂ ਨੇ ਫੈਸਲਾ ਕੀਤਾ ਹੈ ਕਿ ਜਦੋਂ ਤੱਕ ਉਹ ਲੋਕ ਕਿਸੇ ਢੰਗ ਨਾਲ ਪੰਥਕ ਰਵਾਇਤਾਂ ਵਿੱਚ ਨਹੀਂ ਆਉਂਦੇ ਉਦੋਂ ਤੱਕ ਉਸ ਅਕਾਲੀ ਦਲ ਅਤੇ ਉਹਨਾਂ ਦੀ ਸਾਰੀ ਵਰਕਿੰਗ ਕਮੇਟੀ ਨੂੰ ਇੰਗਲੈਂਡ ਵਿੱਚ ਕਿਸੇ ਵੀ ਗੁਰੂ ਘਰ ਵਿੱਚ ਨਾ ਮੂੰਹ ਲਾਇਆ ਜਾਵੇਗਾ 'ਤੇ ਨਾ ਹੀ ਕੋਈ ਵੀ ਗੁਰੂ ਘਰ ਕਿਸੇ ਪ੍ਰਕਾਰ ਦਾ ਉਹਨਾਂ ਦਾ ਸਤਿਕਾਰ ਕਰੇਗਾ। ਇਹ ਫੈਸਲਾ ਡੱਟ ਕੇ ਸਾਰੀਆਂ ਸਿੱਖ ਸੰਸਥਾਵਾਂ ਗੁਰੂ ਘਰਾਂ ਨੇ ਲਿਆ ਹੈ ।ਨਾਲ ਇਹ ਵੀ ਬੇਨਤੀ ਆਪ ਜੀ ਨੂੰ ਕਰ ਰਹੇ ਹਾਂ ਕਿ ਅਕਾਲੀ ਦਲ ਦਾ ਜੋ ਸਿਸਟਮ ਹੈ ਉਹ ਸਾਰਿਆਂ ਨੂੰ ਇੱਕ ਥਾਂ ਇੱਕਤਰ ਕਰਕੇ ਇੱਕ ਅਜਿਹੀ ਖੇਤਰੀ ਪਾਰਟੀ ਜਿਹਦੀ ਸਾਨੂੰ ਲੋੜ ਹੈ ਉਹ ਹੋਂਦ ਵਿੱਚ ਲਿਆਂਦੀ ਜਾਵੇ ਤਾਂ ਕਿ ਸਿੱਖਾਂ ਦਾ ਵਕਾਰ ਜੋ ਹੈ ਉਹ ਪੰਜਾਬ ਵਿੱਚ ਮੁੜ ਤੋਂ ਬਣ ਸਕੇ ।ਇਸ ਮੀਟਿੰਗ ਵਿਚ ਭਾਈ ਕੁਲਦੀਪ ਸਿੰਘ ਦਿਓਲ ਪ੍ਰਧਾਨ ਗੁਰਦੁਆਰਾ ਸਾਹਿਬ ਸਮੈਦਵੀਕ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਅਮਰੀਕ ਸਿੰਘ ਗਿੱਲ ਪ੍ਰਧਾਨ ਸਿੱਖ ਫੈਡਰੇਸ਼ਨ ਯੂਕੇ, ਭਾਈ ਬਘੇਲ ਸਿੰਘ, ਭਾਈ ਗੁਰਦੇਵ ਸਿੰਘ ਚੋਹਾਨ, ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਬਲਵਿੰਦਰ ਸਿੰਘ, ਭਾਈ ਜੋਗਾ ਸਿੰਘ, ਭਾਈ ਕੁਲਵੰਤ ਸਿੰਘ ਮੁਠੱਡਾ, ਭਾਈ ਦਇਆ ਸਿੰਘ, ਭਾਈ ਬੀਰਾ ਸਿੰਘ ਸਮੇਤ ਵਡੀ ਗਿਣਤੀ ਅੰਦਰ ਵੱਖ ਵੱਖ ਸਿੱਖ ਜੱਥੇਬੰਦੀਆਂ ਦੇ ਨੁਮਾਇੰਦੇ ਮੌਜੂਦ ਸਨ।

# ਖਹਿਰਾ ਨੂੰ ਦਿੱਲੀ ਚੋਣਾਂ ਚ ਸਟਾਰ ਪ੍ਰਚਾਰਕ ਨਿਯੁਕਤ ਹੋਣ 'ਤੇ ਸਮਰਥਕਾਂ 'ਚ ਖੁਸ਼ੀ ਦੀ ਲਹਿਰ: ਸਰਪੰਚ ਦੌਲਤਪੁਰ



ਧੂਰੀ ( ਰਣਜੀਤ ਸਿੰਘ ਪੇਧਨੀ ) ਕਾਂਗਰਸ ਵਲੋਂ ਦਿੱਲੀ ਵਿਧਾਨ ਸਭਾ ਚੋਣਾਂ ਲਈ ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕੀਤੀ ਗਈ ਹੈ। ਕਾਂਗਰਸ ਵਲੋਂ ਜਾਰੀ ਕੀਤੀ ਗਈ ਸੂਚੀ ਵਿਚ ਹਲਕਾ ਭੁਲੱਥ ਤੋ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਲਈ ਸਟਾਰ ਪ੍ਰਚਾਰਕ ਨਿਯੁਕਤ ਕੀਤਾ ਗਿਆ ਹੈ ।ਖਹਿਰਾ ਨੂੰ ਸਟਾਰ ਪ੍ਰਚਾਰਕ ਚੁਣੇ ਜਾਣ ਤੇ ਸੰਗਰੂਰ ਲੋਕ ਸਭਾ ਹਲਕੇ ਦੇ ਵਿਧਾਨ ਸਭਾ ਹਲਕਾ ਧੂਰੀ ਵਿੱਚ ਉਹਨਾ ਦੇ ਸਮਰਥਕਾਂ ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ। ਇਸ ਮੌਕੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਧੂਰੀ ਤੋਂ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਦੇ ਪ੍ਰਮੁੱਖ ਦਾਅਵੇਦਾਰ ਸਰਪੰਚ ਹਰਦੀਪ ਸਿੰਘ ਦੌਲਤਪੁਰ ਨੇ ਕਿਹਾ ਕਿ ਸੁਖਪਾਲ ਸਿੰਘ ਖਹਿਰਾ, ਸਾਬਕਾ ਮੁੱਖ ਮੰਤਰੀ ਤੇ ਲੋਕ ਸਭਾ ਹਲਕਾ ਜਲੰਧਰ ਤੋ ਮੌਜੂਦਾ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਤੇ ਪੰਜਾਬ ਕਾਂਗਰਸ ਪ੍ਰਧਾਨ ਤੇ ਲੋਕ ਸਭਾ ਹਲਕਾ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਵੀ ਸਟਾਰ ਪ੍ਰਚਾਰਕ ਨਿਯੁਕਤ ਕੀਤਾ ਗਿਆ। ਉਹਨਾਂ ਕਿਹਾ ਕਿ ਮਿਹਨਤੀ ਅਤੇ ਇਮਾਨਦਾਰ ਸੁਖਪਾਲ ਸਿੰਘ ਖਹਿਰਾ ਵਿਧਾਨ ਸਭਾ ਹਲਕਾ ਭੁਲੱਥ ਤੋਂ ਤੀਜੀ ਵਾਰ ਵਿਧਾਇਕ ਚੁਣੇ ਗਏ ਹਨ ਅਤੇ ਆਲ ਇੰਡੀਆ ਕਿਸਾਨ ਕਾਂਗਰਸ ਦੇ ਪ੍ਰਧਾਨ ਵੀ ਹਨ।

# 'ਬੇਟੀ-ਬਚਾਓ, ਬੇਟੀ-ਪੜ੍ਹਾਓ' ਸਕੀਮ ਨੂੰ ਸਮਰਪਿਤ ਸਮਾਗਮ ਕਰਵਾਇਆ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ ਦੀ ਯੋਗ ਅਗਵਾਈ ਤਹਿਤ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲੜਕੀਆਂ, ਸੰਗਰੂਰ ਵਿਖੇ 'ਬੇਟੀ-ਬਚਾਓ, ਬੇਟੀ-ਪੜ੍ਹਾਓ' ਸਕੀਮ ਅਧੀਨ ਧੀਆਂ ਦੀ ਲੋਹੜੀ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਅਗਵਾਈ ਜ਼ਿਲ੍ਹਾ ਪ੍ਰੋਗਰਾਮ ਅਫਸਰ ਅਨੁਰਤਨ ਕੌਰ ਨੇ ਕੀਤੀ ਅਤੇ ਇਸ ਮੌਕੇ ਜ਼ਿਲ੍ਹਾ ਸਿਖਿਆ ਅਫਸਰ (ਸੈਕੰਡਰੀ) ਤਰਵਿੰਦਰ ਕੌਰ ਅਤੇ ਡਿਪਟੀ ਡੀ.ਈ.ਓ. ਮਨਜੀਤ ਕੌਰ ਵੀ ਸ਼ਾਮਿਲ ਸਨ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੇ ਲੋਹੜੀ ਦੇ ਤਿਓਹਾਰ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹੇ ਦੀਆਂ ਹੋਣਹਾਰ ਬੇਟੀਆਂ , ਜਿਨ੍ਹਾਂ ਨੇ ਵਿੱਦਿਆ ਦੇ ਖੇਤਰ ਵਿੱਚ ਮਾਣਮੱਤੀਆਂ ਉਪਲਬੱਧੀਆਂ ਹਾਸਿਲ ਕੀਤੀਆਂ ਹਨ ਉਨ੍ਹਾਂ ਲਈ ਸਕੂਲ ਬੈਗ ਅਤੇ ਸਿੱਪਰ ਬੋਤਲਾਂ ਦੀ ਵੰਡ ਕੀਤੀ। ਜ਼ਿਲ੍ਹਾ ਪ੍ਰੋਗਰਾਮ ਅਫਸਰ ਨੇ ਦੱਸਿਆ ਕਿ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਔਰਤਾਂ ਦੀ ਸੁਰੱਖਿਆ ਅਤੇ ਸਹੂਲਤਾਂ ਨੂੰ ਮੁੱਖ ਰੱਖਦੇ ਹੋਏ ਬਹੁਤ ਸਾਰੀਆਂ ਸਕੀਮਾਂ ਸਥਾਪਿਤ ਕੀਤੀਆਂ ਗਈਆਂ ਹਨ ਜਿਵੇਂ ਬਚਾਓ ਬੇਟੀ ਪੜ੍ਹਾਓ, ਵਨ ਸਟਾਪ ਸੈਂਟਰ/181 ਮਹਿਲਾ ਹੈਲਪਲਾਈਨ, ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ, ਪੋਸ਼ਣ ਅਭਿਆਨ ਆਦਿ। ਉਨ੍ਹਾਂ ਕਿਹਾ ਕਿ ਇਨ੍ਹਾਂ ਸਕੀਮਾਂ ਦਾ ਹਰ ਇਕ ਔਰਤ ਅਤੇ ਸਮਾਜ ਵਿੱਚ ਹੋਰ ਲੋੜਵੰਦਾਂ ਨੂੰ ਫਾਇਦਾ ਜ਼ਰੂਰ ਲੈਣਾ ਚਾਹੀਦਾ ਹੈ।ਅਨੁਰਤਨ ਕੌਰ ਨੇ ਦੱਸਿਆ ਕਿ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਦੇ 10 ਸਾਲ ਪੂਰੇ ਹੋਣ ਉਪਰੰਤ ਅਗਲੇ ਹਫਤੇ ਤੋਂ ਵਿਭਾਗ ਦੀਆਂ ਹਦਾਇਤਾਂ ਅਨੁਸਾਰ 24 ਜਨਵਰੀ 2025 ਤੋਂ 8 ਮਾਰਚ 2025 ਤੱਕ ਇਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਸਿਖਿਆ ਅਫਸਰ (ਸੈਕੰਡਰੀ) ਤਰਵਿੰਦਰ ਕੌਰ ਨੇ ਬੱਚੀਆਂ ਅਤੇ ਟੀਚਰ ਸਹਿਬਾਨਾਂ ਨੂੰ ਸੰਬੋਧਨ ਕਰਦੇ ਹੋਏ ਸਕੂਲੀ ਬੱਚੀਆਂ ਨੂੰ ਆਪਣੇ ਆਪ ਨੂੰ ਮਜਬੂਤ ਬਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋਂ ਔਰਤਾਂ ਦੀ ਸਹਾਇਤਾ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਇਕ ਸ਼ਲਾਗਾਯੋਗ ਕਦਮ ਦੱਸਿਆ। ਸਮਾਗਮ ਦੌਰਾਨ ਸੀ ਡੀ ਪੀ ਓ ਸੰਗਰੂਰ ਸਰੂ ਰਾਣਾ, ਡਿਪਟੀ ਡੀ ਓ ਮਨਜੀਤ ਕੌਰ, ਪ੍ਰਿੰਸੀਪਲ ਸੁਨੀਤਾ ਰਾਣੀ, ਇੰਚਾਰਜ ਵਨ ਸਟਾਪ ਸੈਂਟਰ/181 ਹੈਲਪਲਾਈਨ ਨਜ਼ੀਰ ਮੁਹੰਮਦ ਅਤੇ ਸਕੂਲ ਸਟਾਫ ਹਾਜ਼ਰ ਸੀ।

# ਖੇੜੀ ਚੰਦਵਾਂ ਅਤੇ ਆਲੋਅਰਖ ਵਿਖੇ ਪੌਸ਼ਿਟਕ ਤੱਤਾਂ ਦੇ ਪ੍ਰਬੰਧਨ ਬਾਰੇ ਜਾਗਰੂਕਤਾ ਕੈਂਪ ਦਾ ਆਯੋਜਨ




ਸੰਗਰੂਰ ( ਰਣਜੀਤ ਸਿੰਘ ਪੇਧਨੀ) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਨਿਰਦੇਸ਼ਕ ਪਸਾਰ ਸਿੱਖਿਆ ਦੀ ਰਹਿਨੁਮਾਈ ਹੇਠ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਵੱਲੋਂ ਅੱਜ ਖੇੜੀ ਚੰਦਵਾਂ ਅਤੇ ਆਲੋਅਰਖ ਵਿਖੇ ਕਿਸਾਨਾਂ ਨੂੰ ਕਣਕ ਦੀ ਫ਼ਸਲ ਵਿੱਚ ਕੀੜਿਆਂ, ਨਦੀਨਾਂ ਅਤੇ ਖੁਰਾਕੀ ਤੱਤਾਂ ਦੇ ਪ੍ਰਬੰਧਨ ਬਾਰੇ ਜਾਗਰੂਕ ਕਰਨ ਲਈ ਕੈਂਪ ਲਗਾਏ। ਇਹਨਾਂ ਕੈਂਪਾਂ ਦਾ ਉਦੇਸ਼ ਫਸਲ ਪ੍ਰਬੰਧਨ ਦੀਆਂ ਨਵੀਨਤਮ ਤਕਨੀਕਾਂ ਦਾ ਪ੍ਰਸਾਰ ਕਰਨਾ ਸੀ। ਇਸ ਮੌਕੇ ਡਾ. ਅਸ਼ੋਕ ਕੁਮਾਰ, ਜ਼ਿਲ੍ਹਾ ਪਸਾਰ ਵਿਗਿਆਨੀ ਨੇ ਖੁਰਾਕੀ ਤੱਤਾਂ ਜਿਵੇਂ ਕਿ ਮੈਂਗਨੀਜ਼ ਅਤੇ ਜ਼ਿੰਕ ਦੀ ਕਮੀ ਦੇ ਲੱਛਣਾਂ ਦੀ ਪਛਾਣ ਕਰਨ ਅਤੇ ਇਲਾਜ 'ਤੇ ਚਰਚਾ ਕੀਤੀ। ਉਹਨਾਂ ਨੇ ਪੋਟਾਸ਼ੀਅਮ ਨਾਈਟ੍ਰੇਟ ਦੀ ਵਰਤੋਂ ਬਾਰੇ ਵੀ ਵਿਸਥਾਰ ਨਾਲ ਦੱਸਿਆ ਅਤੇ ਮਿੱਟੀ ਦੇ ਨਮੂਨੇ ਲੈਣ, ਪ੍ਰਭਾਵਸ਼ਾਲੀ ਨਦੀਨਨਾਸ਼ਕਾਂ ਦੀ ਵਰਤੋਂ ਬਾਰੇ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਪਿੰਡ ਖੇੜੀ ਚੰਦਵਾਂ ਦੇ ਸਾਬਕਾ ਸਰਪੰਚ ਨੇ ਸਰਫੇਸ ਸੀਡਰ ਮਸ਼ੀਨ ਨਾਲ ਅੱਧਾ ਏਕੜ ਕਣਕ ਦੀ ਬਿਜਾਈ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਉਹ ਤਕਨੀਕ ਤੋਂ ਸੰਤੁਸ਼ਟ ਹਨ। ਇਸੇ ਤਰ੍ਹਾਂ ਇੱਕ ਹੋਰ ਕਿਸਾਨ ਰਾਂਝਾ ਸਿੰਘ ਨੇ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਗਾਈ ਅਤੇ ਇਸ ਦਾ ਪ੍ਰਬੰਧਨ ਕਰਨ ਲਈ ਵੱਖ-ਵੱਖ ਤਰੀਕਿਆਂ ਦੀ ਵਰਤੋਂ ਕੀਤੀ। ਝੋਨੇ ਦੀ ਪਰਾਲੀ ਦੇ ਪ੍ਰਬੰਧਨ ਵਾਲੇ ਖੇਤਾਂ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਦੀ ਸੰਭਾਵਨਾ ਸਬੰਧੀ ਪੁੱਛੇ ਵੱਖ-ਵੱਖ ਸਵਾਲਾਂ ਦੇ ਤਸੱਲੀਬਖਸ਼ ਜਵਾਬ ਦਿੱਤੇ ਗਏ। ਕੈਂਪ ਵਿਚ ਪਿੰਡ ਆਲੋਅਰਖ ਦੇ ਦਰਸ਼ਨ ਸਿੰਘ, ਗੁਰਮੁੱਖ ਸਿੰਘ ਅਤੇ ਹੋਰ ਅਗਾਂਹਵਧੂ ਕਿਸਾਨ ਹਾਜ਼ਰ ਸਨ। ਕੈਂਪਾਂ ਦੌਰਾਨ ਧਾਤਾਂ ਦੇ ਚੂਰੇ, ਬਾਈਪਾਸ ਫੈਟ ਅਤੇ ਪਸ਼ੂ ਚਾਟ ਦੀ ਪ੍ਰਦਰਸ਼ਨੀ ਅਤੇ ਵਿਕਰੀ ਵੀ ਕੀਤੀ ਗਈ।

## ਪਵਨਦੀਪ ਸਿੰਘ, ਅਨਮੋਲ ਸਿੰਘ ਉਤੇ ਭਿੱਖੀਵਿੰਡ ਵਿਖੇ

# ਪੁਲਿਸ ਵੱਲੋਂ ਕੀਤਾ ਗਿਆ ਤਸੱਦਦ ਅਣਮਨੁੱਖੀ ਅਤੇ ਗੈਰ ਕਾਨੂੰਨੀ : ਮਾਨ

**ਫ਼ਤਹਿਗੜ੍ਹ ਸਾਹਿਬ, 20 ਜਨਵਰੀ (ਆਵਾਜ਼ਿ ਕੌਮ ਬਿਊਰੋ)**-"ਸੈਂਟਰ ਦੇ ਮੁਤੱਸਵੀ ਹੁਕਮਰਾਨ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਇਨ੍ਹਾਂ ਹੁਕਮਰਾਨਾਂ ਦੀ ਬੀ-ਟੀਮ ਬਣੀ ਸਰਕਾਰ ਵੱਲੋ ਕੁਝ ਸਮੇ ਤੋ ਵੱਖ-ਵੱਖ ਸਰਹੱਦੀ ਥਾਣਿਆਂ ਉਤੇ ਬੰਬ ਸੁੱਟਣ ਦੀਆਂ ਸਾਹਮਣੇ ਆ ਰਹੀਆ ਕਾਰਵਾਈਆ ਤੋ ਜਾਪਦਾ ਹੈ ਕਿ ਹੁਕਮਰਾਨ ਕਿਸੇ ਡੂੰਘੀ ਸਾਜਿਸ ਤਹਿਤ ਫਿਰ ਤੋ ਪੰਜਾਬ ਵਿਚ ਮਾਹੌਲ ਨੂੰ ਖਰਾਬ ਕਰਕੇ ਪੰਜਾਬੀਆਂ, ਵਿਸੇਸ ਤੌਰ ਤੇ ਸਿੱਖ ਕੌਮ ਤੇ ਸਿੱਖ ਨੌਜਵਾਨੀ ਨੂੰ ਬਿਨ੍ਹਾਂ ਵਜਹ ਨਿਸ਼ਾਨਾਂ ਬਣਾਉਣ ਦੇ ਦੁੱਖਦਾਇਕ ਅਮਲ ਕਰ ਰਹੇ ਹਨ । ਜਦੋਕਿ ਇਸ ਸਮੇ ਕਿਸੇ ਤਰ੍ਹਾਂ ਦੀ ਵੀ ਕੋਈ ਖਾੜਕੂ ਲਹਿਰ ਜਾਂ ਕੋਈ ਗੈਰ ਕਾਨੂੰਨੀ ਅਮਲ ਪੰਜਾਬ ਵਿਚ ਨਹੀ ਹੋ ਰਿਹਾ । ਜਿਸ ਤੋ ਪ੍ਰਤੱਖ ਹੁੰਦਾ ਹੈ ਕਿ ਸੈਂਟਰ ਤੇ ਪੰਜਾਬ ਦੀਆਂ ਦੋਵੇ ਸਰਕਾਰਾਂ ਦੀ ਮੰਦਭਾਵਨਾ ਜਾਹਰ ਹੋ ਰਹੀ ਹੈ । ਇਸੇ ਲੜੀ ਦੇ ਅਧੀਨ ਬੀਤੇ ਦਿਨੀਂ ਭਿੱਖੀਵਿੰਡ ਦੇ ਨਿਵਾਸੀ ਸ. ਜਸਕਰਨ ਸਿੰਘ ਜੋ ਕਿ ਇਕ ਗਰੀਬ ਪਰਿਵਾਰ ਹੈ, ਉਸਦੇ ਦੋਵੇ ਪੁੱਤਰਾਂ ਪਵਨਦੀਪ ਸਿੰਘ ਅਤੇ ਅਨਮੋਲ ਸਿੰਘ ਨੂੰ ਪੁਲਿਸ ਵੱਲੋ ਬਿਨ੍ਹਾਂ ਵਜਹ ਘਰੋ ਚੁੱਕ ਕੇ ਪਵਨਦੀਪ ਸਿੰਘ ਦੀ ਲੱਤ ਤੋੜ ਦਿੱਤੀ ਗਈ ਹੈ ਅਤੇ ਅਨਮੋਲ ਸਿੰਘ ਦੀ ਬਾਂਹ ਤੋੜ ਦਿੱਤੀ ਗਈ ਹੈ । ਇਹ ਹੋਰ ਵੀ ਦੁੱਖਦਾਇਕ ਵਰਤਾਰਾ ਹੋ ਰਿਹਾ ਹੈ ਕਿ ਆਮ ਗਰੀਬ ਪਰਿਵਾਰਾਂ ਨੂੰ ਨਿਸ਼ਾਨਾਂ ਬਣਾਕੇ ਪੰਜਾਬ ਵਿਚ ਫਿਰ ਤੋ ਦਹਿਸਤ ਪੈਦਾ ਕਰਨ ਦਾ ਮੰਦਭਾਗਾ ਵਰਤਾਰਾ ਹੋ ਰਿਹਾ ਹੈ । ਇਥੇ ਹੀ ਬਸ ਨਹੀ ਬਟਾਲਾ ਤੋ ਸ. ਰਣਜੀਤ ਸਿੰਘ ਨਾਮ ਦੇ ਨੌਜਵਾਨ ਦਾ ਬੀਤੇ ਸਮੇ ਦੀ ਤਰ੍ਹਾਂ ਝੂਠਾ ਪੁਲਿਸ ਮੁਕਾਬਲਾ ਕਰਕੇ ਖਤਮ ਕਰ ਦਿੱਤਾ ਗਿਆ ਹੈ ਅਤੇ ਇਸ ਸੰਬੰਧੀ ਪੰਜਾਬ ਸਰਕਾਰ ਵੱਲੋ ਕਿਸੇ ਤਰ੍ਹਾਂ ਦੀ ਕੋਈ ਜਾਂਚ ਜਾਂ ਸੱਚ ਨੂੰ ਸਾਹਮਣੇ ਲਿਆਉਣ ਲਈ ਕੋਈ ਅਮਲ ਨਹੀ ਹੋ ਰਿਹਾ । ਜੋ ਕਿ ਇਨ੍ਹਾਂ ਦੀ ਸਾਂਝੀ ਸਾਜਿਸ ਨੂੰ ਜਾਹਰ ਕਰਦਾ ਹੈ । ਅਜਿਹਾ ਅਮਲ ਇਸ ਕਰਕੇ ਵੀ ਹੋ ਰਿਹਾ ਹੈ ਕਿ ਸ. ਸਿਮਰਨਜੀਤ ਸਿੰਘ ਮਾਨ ਬੀਤੇ ਕੁਝ ਦਿਨ ਪਹਿਲੇ ਇਕ ਮਹੀਨੇ ਦੇ ਬਾਹਰਲੇ ਮੁਲਕ ਦੇ ਦੌਰੇ ਤੇ ਗਏ ਹੋਏ ਹਨ । ਜੋ ਅਕਸਰ ਹੀ ਮਨੁੱਖੀ ਅਧਿਕਾਰਾਂ ਦੇ ਉਲੰਘਣ ਅਤੇ ਬੇਇਨਸਾਫ਼ੀਆਂ ਵਿਰੁੱਧ ਦ੍ਰਿੜਤਾ ਨਾਲ ਆਵਾਜ ਉਠਾਉਦੇ ਆਏ ਹਨ ਉਨ੍ਹਾਂ ਦੀ ਗੈਰ ਹਾਜਰੀ ਵਿਚ ਇਹ ਤਸੱਸਦ ਦਾ ਦੌਰ ਸੁਰੂ ਕਰਨਾ ਵੀ ਇਨ੍ਹਾਂ ਦੀ ਸਾਂਝੀ ਸਾਜਿਸ ਦਾ ਹਿੱਸਾ ਹੈ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬਾਹਰਲੇ ਮੁਲਕ ਤੋਂ ਫੋਨ ਰਾਹੀ ਆਪਣੇ ਮੁੱਖ ਦਫਤਰ ਵਿਖੇ ਇਸ ਸੰਬੰਧੀ ਦ੍ਰਿੜਤਾ ਨਾਲ ਪਾਰਟੀ ਵੱਲੋ ਵਿਰੋਧ ਕਰਨ ਅਤੇ ਕਾਤਲ ਤੇ ਦੋਸ਼ੀ ਅਫਸਰਸਾਹੀ ਵਿਰੁੱਧ ਸਟੈਂਡ ਲੈਣ ਅਤੇ ਪੰਜਾਬੀਆਂ ਤੇ ਸਿੱਖ ਕੌਮ ਨੂੰ ਇਸ ਸਮੇ ਆਪਣੇ ਇਖਲਾਕੀ ਤੇ ਸਮਾਜਿਕ ਫਰਜਾਂ ਦੀ ਇਮਾਨਦਾਰੀ ਨਾਲ ਪੂਰਤੀ ਕਰਨ ਦੀ ਜੋਰਦਾਰ ਅਪੀਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਇਸ ਗੱਲ ਦੀ ਵੀ ਖੁੱਲ੍ਹੇ ਰੂਪ ਵਿਚ ਮੰਗ ਕੀਤੀ ਕਿ ਉਪਰੋਕਤ ਸ. ਪਵਨਦੀਪ ਸਿੰਘ ਤੇ ਅਨਮੋਲ ਸਿੰਘ ਤੇ ਹੋਏ ਗੈਰ ਕਾਨੂੰਨੀ ਤਸੱਦਦ ਅਤੇ ਸ. ਰਣਜੀਤ ਸਿੰਘ ਦੀ ਝੂਠੇ ਮੁਕਾਬਲੇ ਵਿਚ ਹੋਈ ਮੌਤ ਦੀ ਨਿਰਪੱਖਤਾ ਨਾਲ ਜਾਂਚ ਕਰਦੇ ਹੋਏ ਦੋਸ਼ੀ ਪੁਲਿਸ ਅਫਸਰਸਾਹੀ ਨੂੰ ਕਾਨੂੰਨ ਅਨੁਸਾਰ ਸਜ਼ਾ ਦਿਵਾਉਣ ਦੀ ਮੰਗ ਵੀ ਕੀਤੀ । ਉਨ੍ਹਾਂ ਕਿਹਾ ਕਿ ਜੇਕਰ ਬੀਤੇ ਸਮੇ ਦੇ ਪੰਜਾਬ ਪੁਲਿਸ ਦੇ ਅਜਿਹੇ ਗੈਰ ਕਾਨੂੰਨੀ ਵਰਤਾਰੇ ਨੂੰ ਸਾਹਮਣੇ ਰੱਖਕੇ ਗੱਲ ਕੀਤੀ ਜਾਵੇ ਤਾਂ 90% ਅਜਿਹੇ ਮਾਮਲਿਆ ਵਿਚ ਪੁਲਿਸ ਤੇ ਸਰਕਾਰ ਦਾ ਜ਼ਬਰ ਹੀ ਸਾਹਮਣੇ ਆਉਦਾ ਰਿਹਾ ਹੈ । ਭਾਵੇਕਿ ਹੁਕਮਰਾਨ ਅਤੇ ਦੋਸ਼ੀ ਪੁਲਿਸ ਅਫਸਰਸਾਹੀ ਆਪਣੇ ਹਕੂਮਤੀ ਪ੍ਰਭਾਵ ਦੀ ਦੁਰਵਰਤੋ ਕਰਕੇ ਅਦਾਲਤਾਂ ਅਤੇ ਜੱਜਾਂ ਨੂੰ ਵੀ ਨਿਰਪੱਖਤਾ ਨਾਲ ਫੈਸਲਾ ਕਰਨ ਵਿਚ ਰੁਕਾਵਟ ਪਾਉਦੇ ਰਹੇ ਹਨ । ਇਸ ਲਈ ਇਹ ਜਰੂਰੀ ਹੈ ਕਿ ਜੇਕਰ ਕਿਸੇ ਇਨਸਾਨ ਨੇ ਕੋਈ ਗੈਰ ਕਾਨੂੰਨੀ ਅਮਲ ਕੀਤਾ ਹੈ ਤਾਂ ਉਸ ਉਤੇ ਤਸੱਦਦ ਕਰਕੇ ਜਾਂ ਝੂਠਾ ਪੁਲਿਸ ਮੁਕਾਬਲਾ ਬਣਾਕੇ ਮਾਰ ਦੇਣ ਦੇ ਸਥਾਂਨ ਤੇ ਜੋ ਕਾਨੂੰਨੀ ਪ੍ਰਕਿਰਿਆ ਮੰਗ ਕਰਦੀ ਹੈ ਕਿ ਉਸ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿਚ ਪੇਸ ਕੀਤਾ ਜਾਵੇ ਅਤੇ ਅਦਾਲਤ ਉਸਦੀ ਅਗਲੀ ਕਾਰਵਾਈ ਕਾਨੂੰਨੀ ਪ੍ਰਕਿਰਿਆ ਰਾਹੀ ਕਰਦੀ ਹੋਈ ਦੋਸ ਸਾਬਤ ਹੋਣ ਤੇ ਸਜਾਂ ਸੁਣਾਏ ਨਾ ਕਿ ਪੁਲਿਸ ਨੂੰ ਕੋਈ ਇਸ ਤਰ੍ਹਾਂ ਦਾ ਅਧਿਕਾਰ ਹੈ ਕਿ ਉਹ ਆਪਣੇ ਨਾਗਰਿਕਾਂ ਉਤੇ ਤਸੱਦਦ ਢਾਹੇ ਅਤੇ ਉਨ੍ਹਾਂ ਨੂੰ ਝੂਠੇ ਪੁਲਿਸ ਮੁਕਾਬਲਿਆ ਵਿਚ ਖਤਮ ਕਰੇ । ਉਨ੍ਹਾਂ ਅਜਿਹੇ ਗੈਰ ਇਨਸਾਨੀ ਅਮਲਾਂ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਕਿਹਾ ਕਿ ਅਜਿਹੀ ਕਾਰਵਾਈ ਕਰਨ ਵਾਲੇ ਕਿਸੇ ਵੀ ਪੁਲਿਸ ਜਾਂ ਸਿਵਲ ਅਫਸਰ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕਾਨੂੰਨ ਰਾਹੀ ਸਜ਼ਾ ਦਿਵਾਉਣ ਤੋ ਕਤਈ ਪਿੱਛੇ ਨਹੀ ਹੱਟੇਗਾ ਅਤੇ ਨਾ ਹੀ ਪੰਜਾਬ ਵਿਚ ਫਿਰ ਤੋ ਪੰਜਾਬੀਆਂ ਤੇ ਸਿੱਖ ਕੌਮ ਨੂੰ ਬਦਨਾਮ ਕਰਕੇ ਉਨ੍ਹਾਂ ਨੂੰ ਪੁਲਿਸ ਦਾ ਨਿਸਾਨਾਂ ਬਣਾਉਣ ਦੀ ਇਜਾਜਤ ਦਿੱਤੀ ਜਾਵੇਗੀ।



## ਸਿੱਖ ਮਿਸ਼ਨਰੀ ਸੁਸਾਇਟੀ ਸਾਊਥਾਲ ਦੇ ਚੇਅਰਮੈਨ ਸ. ਹਰਬੰਸ ਸਿੰਘ ਕੁਲਾਰ ਦੇ ਵੱਡੇ ਭਾਈ

# ਪ੍ਰਿੰਸੀਪਲ ਰਾਮ ਸਿੰਘ ਜੀ ਕੁਲਾਰ ਅਕਾਲ ਚਲਾਣਾ ਕਰ ਗਏ













**ਟੋਰਾਂਟੋ, 20 ਜਨਵਰੀ (ਆਵਾਜ਼ਿ ਕੌਮ ਬਿਊਰੋ)**- ਸਿੱਖ ਪੰਥ ਦੇ ਮਹਾਨ ਵਿਦਵਾਨ, ਕਲਮ ਫਾਊਂਡੇਸ਼ਨ ਕੈਨੇਡਾ ਅਤੇ ਵਿਸ਼ਵ ਪੰਜਾਬੀ ਕਾਨਫ਼ਰੰਸ ਕੈਨੇਡਾ ਦੇ ਸਿਰਕੱਢ ਤੇ ਐਕਟਿਵ ਮੈਂਬਰ, ਸਿੱਖ ਮਿਸ਼ਨਰੀ ਸੁਸਾਇਟੀ ਸਾਊਥਾਲ ਦੇ ਚੇਅਰਮੈਨ ਸ. ਹਰਬੰਸ ਸਿੰਘ ਕੁਲਾਰ ਦੇ ਵੱਡੇ ਭਾਈ ਅਤੇ ਮੇਰੇ ਬਹੁਤ ਸਤਿਕਾਰਯੋਗ ਪ੍ਰਿੰਸੀਪਲ ਰਾਮ ਸਿੰਘ ਜੀ ਕੁਲਾਰ, ਟਰਾਂਟੋ ਕੈਨੇਡਾ ਵਿਖੇ 19 ਜਨਵਰੀ ਨੂੰ 77 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ। ਉਹ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਟਰੱਸਟੀ, ਕੋਰ ਕਮੇਟੀ ਮੈਂਬਰ ਅਤੇ ਲੰਬਾ ਸਮਾ ਜਥੇਬੰਦੀ ਦੇ ਚੀਫ਼ ਆਰਗੇਨਾਈਜ਼ਰ ਵਜੋਂ ਅਗਵਾਈ ਕੀਤੀ। ਸ੍ਰੀ ਗੁਰ ਹਰਗੋਬਿੰਦ ਖਾਲਸਾ ਕਾਲਿਜ ਗੁਰੂਸਰ ਸੁਧਾਰ ਵਿਖੇ ਅੰਗਰੇਜ਼ੀ ਦੇ ਪ੍ਰੋਫੈਸਰ ,ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਦੇ ਪ੍ਰਿੰਸੀਪਲ ਅਤੇ ਧਰਮ ਪ੍ਰਚਾਰ ਕਮੇਟੀ ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵਜੋਂ ਉਹਨਾਂ ਨੇ ਕਾਫ਼ੀ ਸਮਾ ਸੇਵਾ ਕੀਤੀ। ਅਰਦਾਸ ਹੈ ਵਾਹਿਗੁਰੂ ਜੀ ਉਹਨਾ ਦੀ ਪਵਿੱਤਰ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਸਾਰੇ ਕੁਲਾਰ ਪਰਿਵਾਰ, ਦੋਸਤਾਂ ਮਿੱਤਰਾਂ ਤੇ ਸੰਸਥਾਵਾਂ ਨੂੰ ਭਾਣੇ ਮੰਨਣ ਦਾ ਬਲ ਬਖ਼ਸ਼ਣ।

## ਭੋਗ 'ਤੇ ਵਿਸ਼ੇਸ਼

# ਪ੍ਰੋ. ਜਸਵੰਤ ਕੌਰ ਮਣੀ (ਕੋਟ ਗੁਰੂ)

**ਘਲੇ ਆਵਿਹ ਨਾਨਕਾ ਸਦੇ ਉਠੀ ਜਾਹਿ ।।**

ਗੁਰਬਾਣੀ ਦੇ ਮਹਾਂਵਾਕ ਅਨੁਸਾਰ ਪ੍ਰੋ. ਜਸਵੰਤ ਕੌਰ ਮਣੀ ਭਰ ਜਵਾਨੀ 'ਚ ਪਰਮਾਤਮਾ ਦੁਆਰਾ ਬਖਸ਼ੀ ਆਪਣੀ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਇਸ ਫਾਨੀ ਸੰਸਾਰ ਤੋਂ ਮਿਤੀ 12/01/2025 ਨੂੰ ਰੁਖ਼ਸਤ ਹੋ ਗਏ ਹਨ। ਅਧਿਐਨ, ਸਿਰਜਣਾ,ਖੋਜ ਕਾਰਜਾਂ ਤੇ ਰੱਬੀ ਰੰਗਾਂ 'ਚ ਰੰਗੀ ਇਸ ਪਵਿੱਤਰ ਤੇ ਨੇਕ ਰੂਹ ਦਾ ਜਨਮ 10/05/1991 ਨੂੰ ਸੁਭਾਗੇ ਦਿਨ ਇਤਿਹਾਸਕ ਪਿੰਡ ਕੋਟ ਗੁਰੂ (ਬਠਿੰਡਾ) ਵਿਖੇ ਇੱਕ ਕਿਰਤੀ ਤੇ ਸਧਾਰਨ ਪਰਿਵਾਰ 'ਚ ਮਾਤਾ ਸਰਦਾਰਨੀ ਸੁਖਦੀਪ ਕੌਰ ਜੀ ਦੀ ਸੁਲੱਖਣੀ ਕੁੱਖੋਂ ਤੇ ਪਿਤਾ ਸਰਦਾਰ ਗੁਰਤੇਜ ਸਿੰਘ ਦੇ ਗ੍ਰਹਿ ਸਥਾਨ ਵਿਖੇ ਹੋਇਆ। ਪਰਿਵਾਰ ਵਿੱਚ ਚਾਰ ਭੈਣ-ਭਰਾਵਾਂ 'ਚ ਮਣੀ ਆਪਣੀ ਭੈਣ ਸਤਵੀਰ ਕੌਰ ਤੋਂ ਛੋਟੀ ਅਤੇ ਦੋ ਭਰਾਵਾਂ ਹਰਵਿੰਦਰ ਸਿੰਘ ਤੇ ਬਲਜੀਤ ਸਿੰਘ ਤੋਂ ਵੱਡੀ ਸੀ। ਉਸ ਨੇ ਪੱਤਰਕਾਰ, ਚਿੰਤਕ, ਲੇਖਕ ਤੇ ਸਮਾਜ-ਸੇਵੀ ਚਾਚਾ ਅੰਗਰੇਜ ਸਿੰਘ ਵਿੱਕੀ ਦੀ ਉਂਗਲ ਫੜ੍ਹ ਕੇ ਨੰਨ੍ਹੇ ਕਦਮਾਂ ਨਾਲ ਤੁਰ ਕੇ ਸਰਕਾਰੀ ਪ੍ਰਾਇਮਰੀ ਸਕੂਲ ਕੋਟ ਗੁਰੂ ਵਿਖੇ ਪਹਿਲੀ ਜਮਾਤ ਵਿੱਚ ਦਾਖ਼ਲਾ ਲਿਆ ਅਤੇ ਇੱਥੋਂ ਮੁਢਲੀ ਸਿੱਖਿਆ ਹਾਸਲ ਕੀਤੀ। ਬਾਰ੍ਹਵੀਂ ਤੱਕ ਦੀ ਸਿੱਖਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਗਤ ਮੰਡੀ ਤੋਂ, ਬੀ.ਏ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਤੋਂ, ਬੀ.ਐੱਡ ਮਾਸਟਰ ਮਾਈਂਡ ਕਾਲਜ ਆਫ਼ ਐਜੂਕੇਸ਼ਨ, ਗਹਿਰੀ ਬੁੱਟਰ ਤੋਂ ਅਤੇ ਐੱਮ.ਏ ਪੰਜਾਬੀ, ਐੱਮ.ਏ ਰਾਜਨੀਤੀ ਸ਼ਾਸਤਰ, ਪੱਤਰਕਾਰਤਾ ਦਾ ਡਿਪਲੋਮਾ, ਐੱਮ.ਫਿਲ ਪੰਜਾਬੀ, ਪੀ.ਐੱਚ.ਡੀ ਪੰਜਾਬੀ ਸਮੇਤ ਸਾਰੀਆਂ ਡਿਗਰੀਆਂ-ਡਿਪਲੋਮੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਹਿਲੇ ਦਰਜੇ ਵਿੱਚ ਨਿਯਮਤ ਤੌਰ 'ਤੇ ਪਾਸ ਕੀਤੇ। ਵਿੱਦਿਆ ਦੀ ਜਗਦੀ ਇਸ ਜੋਤ ਨੂੰ ਪੀ.ਟੈਟ, ਸੀ. ਟੈਟ, ਐੱਚ.ਟੈਟ, ਯੂ.ਜੀ.ਸੀ ਨੈੱਟ ਸਣੇ ਕੰਪਿਊਟਰ, ਉਰਦੂ ਤੇ ਅਨੁਵਾਦ ਆਦਿ ਦੇ ਕਈ ਡਿਪਲੋਮੇ ਅਤੇ ਸਰਟੀਫਿਕੇਟ ਕੋਰਸ ਪਾਸ ਕਰਨ ਦਾ ਵੀ ਮਾਣ ਹਾਸਿਲ ਸੀ। ਆਪਣੇ ਸੂਝਵਾਨ ਅਤੇ ਦੂਰਦਰਸ਼ੀ ਸੋਚ ਦੇ ਮਾਲਕ ਚਾਚਾ ਅੰਗਰੇਜ ਸਿੰਘ ਵਿੱਕੀ ਅਤੇ ਮਿਹਨਤੀ ਅਧਿਆਪਕਾਂ ਦੀ ਪ੍ਰੇਰਨਾ ਸਦਕਾ ਮਣੀ ਨੇ ਜਿੱਥੇ ਅਕਾਦਮਿਕ ਖੇਤਰ ਵਿੱਚ ਮੱਲਾਂ ਮਾਰ ਕੇ ਪਰਿਵਾਰ, ਪਿੰਡ ਅਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ, ਉੱਥੇ ਕਵਿਤਾ ਅਤੇ ਵਾਰਤਕ ਸਿਰਜਣਾ ਦੇ ਅਦਬੀ ਖੇਤਰ 'ਚ ਵੀ ਪੰਜਾਬੀ ਮਾਂ-ਬੋਲੀ ਲਈ ਨਿੱਗਰ ਯੋਗਦਾਨ ਪਾਇਆ। ਮਣੀ ਦੇ ਪੰਜਾਬੀ ਭਾਸ਼ਾ, ਗੁਰਮੁਖੀ ਲਿੱਪੀ, ਧਾਰਮਿਕ, ਸਮਾਜਿਕ, ਸੱਭਿਆਚਾਰਕ, ਸਿੱਖਿਆ, ਨਾਰੀ ਚੇਤਨਾ, ਖੋਜ ਆਦਿ ਵਿਸ਼ਿਆਂ ਨਾਲ਼ ਸੰਬੰਧਤ ਸੈਂਕੜੇ ਲੇਖ ਪੰਜਾਬੀ ਜ਼ੁਬਾਨ ਦੇ ਮੋਹਰੀ ਅਖ਼ਬਾਰਾਂ-ਰਸਾਲਿਆਂ 'ਚ ਪ੍ਰਮੁੱਖਤਾ ਨਾਲ਼ ਪ੍ਰਕਾਸ਼ਤ ਹੋਏ। ਪਹਿਲੀ ਕੋਸ਼ਿਸ਼ 'ਚ ਰਾਸ਼ਟਰੀ ਪੱਧਰ ਦਾ 'ਚ ਜੇ.ਆਰ.ਐੱਫ ਕਲੀਅਰ ਕਰਨ ਵਾਲੀ ਇਸ ਲਾਇਕ ਧੀ ਨੇ ਡਾਕਟਰ ਬਰਿੰਦਰ ਕੌਰ ਜੀ ਅਗਵਾਈ 'ਚ ਪੰਜਾਬੀ ਵਿਸ਼ੇ 'ਚ ਪੱਤਰਕਾਰਤਾ ਨੂੰ ਲੈ ਕੇ ਪੀ.ਐੱਚ.ਡੀ ਕਰਦਿਆਂ, ਕੁਝ ਅਖ਼ਬਾਰਾਂ ਲਈ ਪਰੂਫ ਰੀਡਿੰਗ-ਪੇਜ਼ ਸੈਟਿੰਗ ਦਾ ਅਤੇ ਸਪੋਕਸਮੈਨ ਅਖ਼ਬਾਰ ਲਈ ਪੱਤਰਕਾਰਤਾ ਦਾ ਕਾਰਜ ਵੀ ਸੁਹਿਰਦਤਾ ਨਾਲ਼ ਕੀਤਾ। ਇਮਾਨਦਾਰ, ਸ਼ਾਂਤ, ਮਿਹਨਤੀ ਤੇ ਨਿਮਰ ਸੁਭਾਅ ਦੀ ਧਾਰਨੀ ਅਤੇ ਇੱਕੋ ਵਕਤ ਕਈ-ਕਈ ਰਚਨਾਤਮਕ ਕਾਰਜਾਂ ਨੂੰ ਬਾਖ਼ੂਬੀ ਕਰਨ ਵਾਲੀ ਡਾਕਟਰ ਮਣੀ ਨੇ 200 ਤੋਂ ਵੱਧ ਵਰਕਸ਼ਾਪਾਂ ਤੇ ਸੈਮੀਨਾਰਾਂ 'ਚ ਹਿੱਸਾ ਲੈਣ ਦੇ ਨਾਲ਼-ਨਾਲ਼ ਰੇਡੀਓ ਪ੍ਰੋਗਰਾਮਾਂ 'ਚ ਵੀ ਸਰਗਰਮੀ ਨਾਲ਼ ਸ਼ਿਰਕਤ ਕੀਤੀ। ਆਪਣੀ ਵਿਸ਼ਵਕੋਸ਼ ਵਰਗੀ ਦਾਦੀ ਨਸੀਬ ਕੌਰ ਅਤੇ ਦਾਦਾ ਜੱਗਾ ਸਿੰਘ ਤੋਂ ਚੰਗੇ ਸੰਸਕਾਰ ਤੇ ਲੋਕ-ਵਿਰਸੇ ਦਾ ਗਿਆਨ ਹਾਸਲ ਕਰਨ ਕਰ ਕੇ ਐੱਮ.ਫਿਲ ਦਾ ਖੋਜ ਕਾਰਜ ਡਾਕਟਰ ਜੀਤ ਸਿੰਘ ਜੋਸ਼ੀ ਦੀ ਅਗਵਾਈ 'ਚ ਪੰਜਾਬੀ ਲੋਕ-ਧਾਰਾ 'ਤੇ ਕੇਂਦਰਤ ਕਰ ਕੇ ਪੂਰਾ ਕੀਤਾ। ਇਸ ਸਤਯੁਗੀ ਧੀ ਨੇ ਕਿਤਾਬਾਂ ਨਾਲ਼ ਅਥਾਹ ਮੁਹੱਬਤ ਕੀਤੀ, ਸਦਾ ਕਿਤਾਬਾਂ ਨੂੰ ਆਪਣੇ ਅੰਗ-ਸੰਗ ਰੱਖਿਆ, ਪੜ੍ਹਦੇ ਰਹਿਣਾ ਤੇ ਲਿਖਦੇ ਰਹਿਣਾ ਜਿਵੇਂ ਨਿਤਨੇਮ ਦਾ ਹਿੱਸਾ ਬਣ ਗਿਆ ਹੋਵੇ। ਸਮਾਂ ਮਿਲਣ 'ਤੇ ਘਰ ਦੇ ਕੰਮਾਂ 'ਚ ਆਪਣੀ ਮਾਤਾ ਤੇ ਦਾਦੀ ਦੀ ਮਦਦ ਕਰਨਾ, ਸਾਦਗੀ 'ਚ ਜੀਵਨ ਬਤੀਤ ਕਰਨਾ, ਸੰਜਮ ਨਾਲ਼ ਬੋਲਣਾ, ਸਭ ਦਾ ਸਤਿਕਾਰ ਕਰਨਾ, ਰੋਜ਼ਾਨਾ ਗੁਰਬਾਣੀ ਦਾ ਜਾਪ ਕਰਨਾ ਤੇ ਗੁਰਦੁਆਰਾ ਸਾਹਿਬ ਜਾਣਾ ਉਸਦੀ ਸ਼ਖ਼ਸੀਅਤ ਦੇ ਖ਼ਾਸ ਪਹਿਲੂ ਸਨ।



ਰੌਸ਼ਨ ਦਿਮਾਗ਼ ਮਣੀ ਨੂੰ ਡਾਕਟਰ ਬਰਿੰਦਰ ਕੌਰ, ਡਾਕਟਰ ਜੀਤ ਸਿੰਘ ਜੋਸ਼ੀ, ਡਾਕਟਰ ਰਾਜਵੰਤ ਕੌਰ ਪੰਜਾਬੀ, ਡਾਕਟਰ ਦਰਸ਼ਨ ਸਿੰਘ ਆਸ਼ਟ, ਡਾਕਟਰ ਜੋਗਾ ਸਿੰਘ, ਡਾਕਟਰ ਗੁਰਮੁਖ ਸਿੰਘ, ਡਾਕਟਰ ਸੀ.ਪੀ. ਕੰਬੋਜ ਤੇ ਅੰਗਰੇਜ ਸਿੰਘ ਵਿੱਕੀ ਆਦਿ ਵਿਦਵਾਨਾਂ ਦੀ ਸੰਗਤ ਤੇ ਯੋਗ ਅਗਵਾਈ ਨੇ ਵਿੱਦਿਅਕ, ਖੋਜ, ਸਿਰਜਣਾ ਤੇ ਸੁਭਾਅ ਪੱਖੋਂ ਇੰਨਾ ਨਿਖਾਰਿਆ ਕਿ ਛੋਟੀ ਉਮਰੇ ਮਣੀ ਆਪਣਾ ਨਾਂ ਲੋਕ-ਹਿਰਦਿਆਂ 'ਚ ਬਣਾਉਣ ਲਈ ਕਾਮਯਾਬ ਹੋਈ। ਚੰਡੀਗੜ੍ਹ ਪ੍ਰਸ਼ਾਸ਼ਨ ਵੱਲੋਂ ਪ੍ਰਕਾਸ਼ਤ ਪੰਜਾਬੀ ਲੈਕਚਰਾਰ ਦੀ ਇੱਕੋ-ਇੱਕ ਅਸਾਮੀ ਲਈ ਮੈਰਿਟ ਅਧਾਰਤ ਕੇਵਲ ਮਣੀ ਦੀ ਚੋਣ ਹੋਈ, ਆਉਣ ਵਾਲ਼ੇ ਦਿਨਾਂ 'ਚ ਉਸ ਨੇ ਨੌਕਰੀ ਲਈ ਚਾਵਾਂ ਨਾਲ਼ ਹਾਜ਼ਰੀ ਪਾਉਣੀ ਸੀ, ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ। ਜੇਕਰ ਉਹ ਜਿਉਂਦੀ ਰਹਿੰਦੀ ਤਾਂ ਜੀਵਨ 'ਚ ਹੋਰ ਬਹੁਤ ਤਰੱਕੀਆਂ ਕਰਨੀਆਂ ਸਨ। ਸਦਾ ਨਿਰੋਗ ਤੇ ਚੜ੍ਹਦੀਕਲਾ 'ਚ ਰਹਿਣ ਵਾਲੀ ਇਸ ਬੱਚੀ ਨੂੰ ਪਿਛਲੇ ਕੁਝ ਮਹੀਨਿਆਂ ਤੋਂ ਨਾ-ਮਲੂਮ ਸਰੀਰਕ ਸਮੱਸਿਆਵਾਂ ਨੇ ਘੇਰ ਲਿਆ। ਪਰਿਵਾਰ ਤੇ ਸ਼ੁਭਚਿੰਤਕਾਂ ਨੇ ਨਾਮੀ ਹਸਪਤਾਲਾਂ 'ਚ ਇਲਾਜ ਕਰਵਾਇਆ। ਪੀ.ਜੀ.ਆਈ ਚੰਡੀਗੜ੍ਹ ਵਿਖੇ ਆਖਰੀ ਸਾਹ ਤੱਕ ਮਣੀ ਹੌਂਸਲੇ ਤੇ ਚੜ੍ਹਦੀਕਲਾ 'ਚ ਰਹੀ। ਪੰਜਾਬੀ ਜ਼ੁਬਾਨ ਦੀ ਸਤਿਕਾਰਤ ਹਸਤੀ ਡਾਕਟਰ ਜਸਵੰਤ ਕੌਰ ਮਣੀ ਨਮਿਤ ਰੱਖੇ ਗਏ ਸ੍ਰੀ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਅੱਜ ਮਿਤੀ 21/01/2025 (ਮੰਗਲਵਾਰ) ਨੂੰ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਪਿੰਡ ਕੋਟ ਗੁਰੂ (ਬਠਿੰਡਾ) ਵਿਖੇ ਦੁਪਹਿਰ 12 ਤੋਂ 1 ਵਜੇ ਦੇ ਦਰਮਿਆਨ ਹੋਵੇਗੀ, ਜਿੱਥੇ ਪਰਿਵਾਰਕ ਜੀਅ, ਰਿਸ਼ਤੇਦਾਰ, ਇਲਾਕਾ ਨਿਵਾਸੀ, ਸਮਾਜ ਸੇਵਕ, ਪੱਤਰਕਾਰ ਭਾਈਚਾਰਾ, ਵਿਦਿਆਰਥੀ ਵਰਗ, ਸਾਹਿਤਕ ਸ਼ਖ਼ਸੀਅਤਾਂ, ਕਲਾ ਤੇ ਸੱਭਿਆਚਾਰਕ ਵਰਗ, ਰਾਜਸੀ ਦਲਾਂ ਦੇ ਆਗੂ, ਧਾਰਮਿਕ ਹਸਤੀਆਂ, ਸੰਘਰਸ਼ਸ਼ੀਲ ਜਥੇਬੰਦੀਆਂ ਦੇ ਆਗੂ ਤੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮ ਆਦਿ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਅਰਪਿਤ ਕਰਨਗੇ।

**ਲੈਕਚਰਾਰ ਤਰਸੇਮ ਸਿੰਘ ਬੁੱਟਰ**

# ਜਿਸ ਨੂੰ ਹਰਾਉਣ ਲਈ ਸਾਰੇ ਵਿਰੋਧੀ ਇਕੱਠੇ ਹੋ ਜਾਣ ਤੇ ਸਾਜਿਸ਼ਾਂ ਘੜਨੀਆ ਪੈਣ ਐਸੀ ਸ਼ਖਸੀਅਤ ਨੂੰ ਸਮਝਣਾ ਹਰੇਕ ਦੇ ਵੱਸ ਦੀ ਗੱਲ ਨੀ

ਜਦੋਂ ਵਿਰੋਧੀ ਐਵੇਂ ਗੱਲਾਂ ਕਰਨ ਕਿ ਇਹ ਫਲਾਣਾ ਨਹੀਂ ਜਿੱਤਣਾ ਚਾਹੀਦਾ । ਮੰਨ ਕੇ ਚਲੋ ਕਿ ਉਹਨਾਂ ਦੀਆ ਗੱਲਾਂ ਦਾ ਜਵਾਬ ਨਹੀਂ ਸੀ ਕਿਸੇ ਕੋਲ । ਰਾਜਨੀਤੀ ਹਾਲਾਤ ਤੇ ਮਾਹੌਲ ਤੇ ਨਿਰਭਰ ਕਰਦੀ ਆ । ਰਾਜਨੀਤੀ ਦੇ ਵਿੱਚ ਜਿੱਤ ਹਾਰ ਸਹੀ ਜਾ ਗਲਤ ਹੋਣ ਨਾਲ ਨਹੀਂ ਹੁੰਦੀ । ਚੋਣਾਂ ਲੜਨ ਦਾ ਤਜਰਬਾ ਰਾਜਨੀਤੀ ਦੇ ਵਿੱਚ ਵੱਡੀ ਅਹਿਮੀਅਤ ਰੱਖਦਾ । ਮਰਦਾਂ ਦੀ ਮਹਿਫਿਲ ਦੇ ਵਿੱਚ ਜਿਤ ਹਾਰ ਨਾਲ ਖੜਨ ਵਾਲੇ ਤੇ ਤੁਰਨ ਵਾਲਿਆਂ ਦੀ ਮੰਨੀ ਜਾਂਦੀ ਆ । ਸਿਆਣੇ ਕਹਿੰਦੇ ਨੇ ਹਾਰ ਬੰਦੇ ਨੂੰ ਵੱਡਾ ਤਜਰਬਾ ਦੇ ਕੇ ਜਾਂਦੀ ਆ ।

-ਬੇਨਾਮ

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
AWAZE QAUM International Newspaper & WEB TV
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਖਾਲਸਾ ਕਾਲਜ ਮਹਿਤਾ ਦੇ

# ਵਿਦਿਆਰਥੀ ਗੋਇੰਦਵਾਲ ਸਾਹਿਬ ਵਿਖੇ ਹੋਏ ਨਤਮਸਤਕ



**ਚੌਕ ਮਹਿਤਾ, 20 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿਡਰਾਂਵਾਲ਼ਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਕਾਲਜ ਅਤੇ ਕਾਲਜੀਏਟ ਮਹਿਤਾ ਦੇ ਵਿਦਿਆਰਥੀਆਂ ਨੂੰ ਗੋਇੰਦਵਾਲ ਸਾਹਿਬ ਵਿਖੇ ਧਾਰਮਿਕ ਟੂਰ ਕਰਵਾਇਆ ਗਿਆ।ਇਸ ਦੌਰਾਨ ਵਿਦਿਆਰਥੀਆਂ ਨੂੰ ਗੋਇੰਦਵਾਲ ਸਾਹਿਬ ਦੇ ਸਾਰੇ ਇਤਿਹਾਸਿਕ ਗੁਰਦਵਾਰਿਆਂ ਦੇ ਦਰਸ਼ਨ ਕਰਵਾਏ ਗਏ ।ਸਮੂਹ ਅਧਿਆਪਕ ਸਹਿਬਾਨਾਂ ਅਤੇ ਵਿਦਿਆਰਥੀਆਂ ਨੇ ਸਰਬੱਤ ਦੇ ਭਲੇ ਲਈ ਅਤੇ ਅਦਾਰੇ ਦੀ ਚੜਦੀਕਲਾ ਦੀ ਅਰਦਾਸ ਕੀਤੀ ।ਕਾਲਜ ਦੇ ਪ੍ਰਿੰਸੀਪਲ ਸ.ਗੁਰਦੀਪ ਸਿੰਘ ਜਲਾਲ ਉਸਮਾ ਨੇ ਇਸ ਅਸਥਾਨ ਦੇ ਇਤਿਹਾਸ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਅਤੇ ਇਸ ਉਪਰੰਤ ਸਮੂਹ ਸੰਗਤਾਂ ਨੇ ਲੰਗਰ ਛਕਿਆ ।

ਇਸ ਮੌਕੇ ਤੇ ਪ੍ਰਿੰਸੀਪਲ ਸਾਹਿਬ ਜੀ ਨੇ ਧਾਰਮਿਕ ਟੂਰ ਦੀ ਮਹੱਤਤਾ ਦਸਦਿਆਂ ਕਿਹਾ ਕਿ ਅਜੋਕੇ ਸਮੇਂ ਵਿੱਚ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਸਿੱਖ -ਗੁਰਦਵਾਰਿਆਂ ਦੇ ਦਰਸ਼ਨ ਕਰਨੇ ਅਤੇ ਸਿੱਖ ਕੌਮ ਦੇ ਇਤਿਹਾਸਿਕ ਪਿਛੋਕੜ ਨੂੰ ਜਾਣਨ ਲਈ ਟੂਰ ਬਹੁਤ ਹੀ ਮਹੱਤਵਪੂਰਨ ਹਨ। ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਬਾਣੀ ਨਾਲ ਜੋੜਨਾ ਬਹੁਤ ਜਰੂਰੀ ਹੈ।

ਇਸ ਟੂਰ ਵਿੱਚ ਕਾਲਜ ਦੇ ਪ੍ਰਿੰ.ਸ.ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਸ. ਸੁਖਦੇਵ ਸਿੰਘ, ਕੁਲਦੀਪ ਕੌਰ, ਮਨਜੀਤ ਕੌਰ, ਪੂਰਤੀ ਸ਼ਰਮਾ,ਗੁਰਵਿੰਦਰ ਕੌਰ,ਗੁਰਸ਼ਰਨਪ੍ਰੀਤ ਕੌਰ,ਰੁਪਿੰਦਰ ਕੌਰ, ਅਮਨਦੀਪ ਕੌਰ, ਸੁਪਰੀਤ ਕੌਰ, ਨਵਨੀਤ ਕੌਰ, ਪਵਨਪ੍ਰੀਤ ਕੌਰ, ਰਮਨਦੀਪ ਕੌਰ, ਰਿਤਿਕਾ, ਸੁਖਮਨਦੀਪ ਕੌਰ, ਸੁਖਜੀਤ ਸਿੰਘ ,ਯਾਦਵਿੰਦਰ ਸਿੰਘ, ਕਾਬਲ ਸਿੰਘ ਪੁਰਬਾ ਆਦਿ ਵੀ ਸ਼ਾਮਿਲ ਸਨ।

### ਅਦਾਲਤ ਅੰਦਰ ਕਮੇਟੀ ਦੇ ਨਾਲ-ਨਾਲ ਮਨਜਿੰਦਰ ਸਿੰਘ ਸਿਰਸਾ ਨੇ ਜਾਇਦਾਦਾਂ ਵੇਚਣ ਦਾ ਕੀਤਾ ਵਿਰੋਧ

# ਦਿੱਲੀ ਕਮੇਟੀ ਪੰਥ ਦੀਆਂ ਜਾਇਦਾਦਾਂ ਦੀ ਰਾਖੀ ਕਰਨ ਲਈ ਵਾਸਤੇ ਵਚਨਬੱਧ : ਕਾਲਕਾ, ਕਾਹਲੋਂ




ਨਵੀਂ ਦਿੱਲੀ, 20 ਜਨਵਰੀ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਕਮੇਟੀ ਦੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਸਟਾਫ ਨਾਲ ਅਦਾਲਤਾਂ ਵਿਚ ਚਲ ਰਹੇ ਕੇਸ ਵਿਚ ਕਮੇਟੀ ਦੀਆਂ ਜਾਇਦਾਦਾਂ ਵੇਚਣ ਲਈ ਲਾਈ ਪਟੀਸ਼ਨ 'ਤੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਵੱਲੋਂ ਵੱਟੀ ਚੁੱਪ ਕੌਮ ਦੀ ਪਿੱਠ ਵਿਚ ਛੁਰਾ ਮਾਰਨ ਵਾਲੀ ਗੱਲ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਸਟਾਫ ਦੇ ਤਨਖਾਹ ਕਮਿਸ਼ਨ ਦੇ ਬਕਾਏ ਨੂੰ ਲੈ ਕੇ ਅਦਾਲਤਾਂ ਵਿਚ ਕੇਸ ਲੰਬੇ ਸਮੇਂ ਤੋਂ ਚਲ ਰਹੇ ਹਨ ਜੋ ਅਸਲ ਵਿਚ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਦੀ ਦੇਣ ਹਨ।ਉਹਨਾਂ ਦੱਸਿਆ ਕਿ ਪਟੀਸ਼ਨਰਾਂ ਦੇ ਵਕੀਲ ਨੇ ਨਵੰਬਰ ਮਹੀਨੇ ਵਿਚ ਅਦਾਲਤ ਵਿਚ ਇਕ ਅਰਜ਼ੀ ਲਗਾਈ ਸੀ ਕਿ ਕਮੇਟੀ ਦੀਆਂ ਜਾਇਦਾਦਾਂ ਵੇਚ ਕੇ ਮੁਲਾਜ਼ਮਾਂ ਦੇ ਬਕਾਏ ਦਿੱਤੇ ਜਾਣ ਜਿਸਦਾ ਕਮੇਟੀ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੇ ਜ਼ੋਰਦਾਰ ਵਿਰੋਧ ਕੀਤਾ ਤੇ ਇਸ ਬਾਰੇ ਬਕਾਇਦਾ ਹਲਫੀਆ ਬਿਆਨ ਦਾਇਰ ਕਰ ਕੇ ਅਦਾਲਤ ਵਿਚ ਇਸਦਾ ਵਿਰੋਧ ਕੀਤਾ।

ਉਹਨਾਂ ਕਿਹਾ ਕਿ ਅਦਾਲਤ ਨੇ ਪਿਛਲੇ ਪ੍ਰਬੰਧਕਾਂ ਤੋਂ ਵੀ ਮਾਮਲੇ ਵਿਚ ਜਵਾਬ ਮੰਗਿਆ ਸੀ ਜਿਸਦੇ ਜਵਾਬ ਵਿਚ ਸਾਬਕਾ ਪ੍ਰਧਾਨ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਆਪਣੇ ਵੱਲੋਂ ਦਾਇਰ ਹਲਫੀਆ ਬਿਆਨ ਵਿਚ ਕਮੇਟੀ ਦੀਆਂ ਜਾਇਦਾਦਾਂ ਵੇਚਣ ਦਾ ਵਿਰੋਧ ਤਾਂ ਕਰ ਦਿੱਤਾ ਹੈ ਪਰ ਸਰਦਾਰ ਪਰਮਜੀਤ ਸਿੰਘ ਸਰਨਾ ਤੇ ਸਰਦਾਰ ਮਨਜੀਤ ਸਿੰਘ ਜੀ.ਕੇ. ਨੇ ਮਾਮਲੇ ਵਿਚ ਚੁੱਪ ਵੱਟ ਲਈ ਹੈ ਜੋ ਕੌਮ ਦੀ ਪਿੱਠ ਵਿਚ ਛੁਰਾ ਮਾਰਨ ਬਰਾਬਰ ਹੈ।ਉਹਨਾਂ ਕਿਹਾ ਕਿ ਕਮੇਟੀ ਦੀ ਮੌਜੂਦਾ ਟੀਮ ਨੇ ਵੀ ਅਦਾਲਤ ਵਿਚ ਸਪਸ਼ਟ ਕੀਤਾ ਹੈ ਕਿ ਕਮੇਟੀ ਦੀਆਂ ਜਾਇਦਾਦਾਂ ਅਸਲ ਵਿਚ ਕੌਮ ਦੀਆਂ ਜਾਇਦਾਦਾਂ ਹਨ ਜਿਸਨੂੰ ਵੇਚਣ ਦਾ ਕਿਸੇ ਨੂੰ ਕੋਈ ਹੱਕ ਨਹੀਂ ਹੈ।ਉਹਨਾਂ ਕਿਹਾ ਕਿ ਮੌਜੂਦਾ ਟੀਮ ਨੇ ਮੁਲਾਜ਼ਮਾਂ ਦੇ ਬਕਾਏ ਲਈ ਰਿਕਾਰਡ ਪੈਸਾ ਜਾਰੀ ਹੈ ਜਦੋਂ ਕਿ ਸਰਨਾ ਤੇ ਜੀ.ਕੇ. ਆਪਣੇ ਸਮੇਂ ਵਿਚ ਇਹ ਜ਼ਿੰਮੇਵਾਰੀ ਸੁਚੱਜੇ ਢੰਗ ਨਾਲ ਨਹੀਂ ਨਿਭਾ ਸਕੇ ਸਨ।ਉਹਨਾਂ ਕਿਹਾ ਕਿ ਕਮੇਟੀ ਦੀ ਮੌਜੂਦਾ ਟੀਮ ਕੌਮ ਦੀਆਂ ਜਾਇਦਾਦਾਂ ਦੀ ਰਾਖੀ ਵਾਸਤੇ ਵਚਨਬੱਧ ਹੈ ਤੇ ਇਸ ਵਾਸਤੇ ਜੋ ਕਦਮ ਲੋੜੀਂਦਾ ਹੋਇਆ ਚੁੱਕਿਆ ਜਾਵੇਗਾ।

# ਬੱਚਿਆਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ ਲਈ ਦਿੱਲੀ ਕਮੇਟੀ ਵਲੋਂ ਬੰਗਲਾ ਸਾਹਿਬ ਸਰੋਵਰ ਪਰਿਕ੍ਰਮਾਂ ਵਿਚ 26 ਜਨਵਰੀ ਨੂੰ ਹੋਣਗੇ ਦਸਤਾਰ ਮੁਕਾਬਲੇ




**ਨਵੀਂ ਦਿੱਲੀ 20 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਗੁਰੂ ਸਾਹਿਬਾਨਾਂ ਦੀ ਸਿੱਖਾਂ ਨੂੰ ਬਖਸ਼ਿਸ਼ ਕੀਤੀ ਦਸਤਾਰ ਜਿਸ ਨਾਲ ਸਿੱਖ ਦੀ ਦੁਨੀਆਂ ਵਿੱਚ ਇੱਕ ਵੱਖਰੀ ਪਛਾਣ ਹੈ । ਇਸ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਸਹਿਯੋਗ ਨਾਲ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਬੱਚਿਆਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ ਲਈ " ਦਸਤਾਰ ਸਜਾਉਣ ਦਾ ਇਕ ਵਿਸ਼ੇਸ਼ ਮੁਕਾਬਲਾ " ਐਤਵਾਰ, 26 ਜਨਵਰੀ 2025 ਨੂੰ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਵੇਰੇ 11:30 ਤੋਂ ਸ਼ਾਮ 4 ਵਜੇ ਤੱਕ ਸਰੋਵਰ ਦੀ ਪਰਿਕਰਮਾ ' ਚ ਕਰਵਾਇਆ ਜਾ ਰਿਹਾ ਹੈ । ਇਸ ਦਾ ਮੁੱਖ ਉਦੇਸ਼ ਨਵੀਂ ਪੀੜ੍ਹੀ ਨੂੰ ਪਤਿਤਪਣੇ ਤੋਂ ਬਚਾਉਣਾ, ਸਿੱਖੀ ਨਾਲ ਜੋੜਨਾ, ਸਿੱਖ ਸਿਧਾਂਤਾਂ ਅਤੇ ਉਪਦੇਸ਼ਾਂ 'ਤੇ ਪਹਿਰਾ ਦੇ ਕੇ ਸਿੱਖੀ ਸਰੂਪ ਅਤੇ ਸੱਚੇ ਜੀਵਨ ਦੀ ਜਾਂਚ ਸਿਖਾਉਣਾ ਹੈ। ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਬੱਚਿਆਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ ਲਈ ਇਸ ਦਸਤਾਰ ਮੁਕਾਬਲੇ ਵਿੱਚ ਵਡੀ ਗਿਣਤੀ ਅੰਦਰ ਹਿੱਸਾ ਲੈਣ ਦੀ ਅਪੀਲ ਕੀਤੀ ਹੈ ।

# ਭਾਈ ਖਾਲੜਾ ਦੀ ਫਿਲਮ 'ਤੇ ਪਾਬੰਦੀ ਲਾ ਕੇ ਸੱਚ ਨੂੰ ਦਬਾ ਰਹੀ ਭਾਰਤ ਸਰਕਾਰ : ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ



**ਅੰਮ੍ਰਿਤਸਰ 20 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਮਨੁੱਖੀ ਹੱਕਾਂ ਦੇ ਪਹਿਰੇਦਾਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਬਣੀ ਫਿਲਮ ਪੰਜਾਬ 95 ਉੱਤੇ ਪਾਬੰਦੀ ਲਗਾਏ ਜਾਣ 'ਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਨੇ ਭਾਰਤ ਸਰਕਾਰ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਫੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਇਹ ਸਿੱਖਾਂ ਨਾਲ ਇੱਕ ਹੋਰ ਧੱਕੇਸ਼ਾਹੀ ਤੇ ਬੇਇਨਸਾਫ਼ੀ ਕੀਤੀ ਗਈ ਹੈ, ਸਰਕਾਰ ਸੱਚ ਨੂੰ ਦਬਾ ਕੇ ਸਿੱਖਾਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾ ਰਹੀ ਹੈ। ਸੈਂਸਰ ਬੋਰਡ ਵੱਲੋਂ ਪੰਥ ਤੇ ਪੰਜਾਬ ਦਾ ਦਰਦ ਪੇਸ਼ ਕਰਦੀਆਂ ਫਿਲਮਾਂ ਨੂੰ ਤਾਂ ਬੈਨ ਕੀਤਾ ਜਾਂਦਾ ਹੈ ਪਰ ਸਿੱਖ ਵਿਰੋਧੀ ਫਿਲਮਾਂ ਨੂੰ ਪਾਸ ਕਰਕੇ ਸਿੱਖਾਂ ਨੂੰ ਸੰਤਾਪ ਦਿੱਤਾ ਜਾਂਦਾ ਹੈ, ਭਾਰਤੀ ਲੋਕਤੰਤਰ ਤੇ ਜਮਹੂਰੀਅਤ ਵਿੱਚ ਸਿੱਖਾਂ ਦਾ ਗਲਾ ਘੁੱਟਿਆ ਜਾ ਰਿਹਾ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ 1980-90 ਦੇ ਦਹਾਕੇ ਵਿੱਚ ਪੁਲਿਸ ਇੱਕ ਕਾਤਲ ਮਸ਼ੀਨ ਬਣ ਚੁੱਕੀ ਸੀ ਅਤੇ ਪੰਜਾਬ ਦੇ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਘਰਾਂ, ਖੇਤਾਂ ਵਿੱਚੋਂ ਚੁੱਕ ਕੇ ਬੁੱਚੜਖਾਨਿਆਂ 'ਚ ਤਸੀਹੇ ਦਿੱਤੇ ਗਏ ਤੇ ਫਿਰ ਝੂਠੇ ਪੁਲਿਸ ਮੁਕਾਬਲੇ ਬਣਾ ਦਿੱਤੇ ਗਏ। ਫੀਤੀਆਂ, ਸਟਾਰਾਂ ਤੇ ਇਨਾਮਾਂ ਦੇ ਲਾਲਚਾਂ ਨੇ ਪੰਜਾਬ ਦੀ ਧਰਤੀ ਨੂੰ ਖ਼ੂਨ ਨਾਲ ਰੰਗ ਦਿੱਤਾ। ਬੁੱਚੜ ਕੇਪੀਐਸ ਗਿੱਲ, ਸੁਮੇਧ ਸੈਣੀ, ਇਜ਼ਹਾਰ ਆਲਮ, ਅਜੀਤ ਸੰਧੂ, ਗੋਬਿੰਦ ਰਾਮ, ਬੇਅੰਤ ਸਿਹੁੰ ਦੇ ਜ਼ੁਲਮਾਂ ਨੇ ਮੁਗਲਾਂ ਦੇ ਜੁਲਮਾਂ ਨੂੰ ਵੀ ਮਾਤ ਪਾ ਦਿੱਤੀ। ਭਾਈ ਜਸਵੰਤ ਸਿੰਘ ਖਾਲੜਾ ਨੇ 25 ਹਜ਼ਾਰ ਲਵਾਰਿਸ ਲਾਸ਼ਾਂ ਦੀ ਸ਼ਮਸ਼ਾਨ ਘਾਟਾਂ ਵਿੱਚ ਜਾ ਕੇ ਨਿਸ਼ਾਨਦੇਹੀ ਕੀਤੀ ਸੀ ਅਤੇ ਪੁਲਿਸ ਤੇ ਸਰਕਾਰ ਦਾ ਕਰੂਪ ਚਿਹਰਾ ਦੁਨੀਆ ਸਾਹਮਣੇ ਨੰਗਾ ਕੀਤਾ ਸੀ ਜਿਸ ਤੋਂ ਬੁਖਲਾਹਟ ਵਿੱਚ ਆ ਕੇ ਪੁਲਿਸ ਨੇ ਭਾਈ ਜਸਵੰਤ ਸਿੰਘ ਖਾਲੜਾ ਨੂੰ ਚੁੱਕਿਆ ਅਤੇ ਕੋਹ ਕੋਹ ਕੇ ਸ਼ਹੀਦ ਕਰ ਦਿੱਤਾ ਤੇ ਫਿਰ ਹਰੀਕੇ ਦਰਿਆ ਵਿੱਚ ਲਾਸ਼ ਨੂੰ ਰੋੜ੍ਹ ਕੇ ਲਵਾਰਸ ਲਾਸ਼ਾਂ ਵਿੱਚ ਜੋੜ ਦਿੱਤਾ। ਉਹਨਾਂ ਕਿਹਾ ਕਿ ਜਦੋਂ ਕਲਾਕਾਰ ਦਲਜੀਤ ਦੁਸਾਂਝ ਇੱਕ ਲੱਚਰ ਗਾਇਕ ਚਮਕੀਲੇ ਉੱਤੇ ਫਿਲਮ ਬਣਾਉਂਦਾ ਹੈ ਤਾਂ ਸਰਕਾਰ ਉਤਸ਼ਾਹਿਤ ਕਰਦੀ ਹੈ, ਪਰ ਜਦੋਂ ਭਾਈ ਖਾਲੜਾ ਉੱਤੇ ਫਿਲਮ ਬਣਾਉਂਦਾ ਹੈ ਤਾਂ ਸਰਕਾਰ ਬੈਨ ਕਰ ਦਿੰਦੀ ਹੈ। ਭਾਰਤੀ ਸਟੇਟ ਅਤੇ ਕਾਂਗਰਸ ਨੇ ਸਾਡੇ ਉੱਤੇ ਬੇਤਹਾਸ਼ਾ ਜ਼ੁਲਮ ਕੀਤੇ ਜਿਸ ਨੂੰ ਮੋਦੀ ਸਰਕਾਰ ਵੀ ਦੁਨੀਆਂ ਸਾਹਮਣੇ ਨਹੀਂ ਵਿਖਾਉਣਾ ਚਾਹੁੰਦੀ ਕਿਉਂਕਿ ਸਿੱਖਾਂ ਪ੍ਰਤੀ ਦੋਵੇਂ ਸਰਕਾਰਾਂ ਦੀ ਨੀਤੀ ਅਤੇ ਨੀਅਤ ਇੱਕੋ ਜਿਹੀ ਹੈ।

# ਪ੍ਰਿੰ: ਰਾਮ ਸਿੰਘ ਦਾ ਦੇਹਾਂਤ ਕਦੇ ਨਾ ਪੂਰਾ ਹੋਣ ਵਾਲਾ ਘਾਟਾ




ਗੁਰੂਸਰ ਸੁਧਾਰ (ਗੁਰਜੰਟ ਸਿੰਘ ਖਾਲਸਾ) ਸਿੱਖ ਪੰਥ ਦੇ ਮਹਾਨ ਵਿਦਵਾਨ ਅਤੇ ਸਾਡੇ ਬਹੁਤ ਹੀ ਸਤਿਕਾਰਯੋਗ ਪ੍ਰਿੰਸੀਪਲ ਰਾਮ ਸਿੰਘ ਜੀ ਟਰਾਂਟੋ ਕੈਨੇਡਾ ਵਿਖੇ ਅੱਜ 19-01-25 ਨੂੰ 77 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ। ਉਹ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਰਪ੍ਰਸਤ, ਜੀਵਨ ਟਰੱਸਟੀ, ਕੋਰ ਕਮੇਟੀ ਮੈਂਬਰ ਸਨ ਅਤੇ ਉਨ੍ਹਾਂ ਨੇ ਲੰਬਾ ਸਮਾਂ ਜਥੇਬੰਦੀ ਦੇ ਚੀਫ਼ ਆਰਗੇਨਾਈਜ਼ਰ ਵਜੋਂ ਅਗਵਾਈ ਕੀਤੀ। ਸ੍ਰੀ ਗੁਰੂ ਹਰਗੋਬਿੰਦ ਖਾਲਸਾ ਕਾਲਜ਼ ਗੁਰੂਸਰ ਸੁਧਾਰ ਵਿਖੇ ਅੰਗਰੇਜ਼ੀ ਦੇ ਪ੍ਰੋਫੈਸਰ, ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਦੇ ਪ੍ਰਿੰਸੀਪਲ ਅਤੇ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਮੈਂਬਰੀ ਸਲਾਹਕਾਰ ਬੋਰਡ ਦੇ ਮੈਂਬਰ ਵਜੋਂ ਉਨ੍ਹਾਂ ਨੇ ਲੰਬਾ ਸਮਾਂ ਸੇਵਾ ਕੀਤੀ। ਉਨ੍ਹਾਂ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪ੍ਰੋਫੈਸਰ ਆਫ਼ ਸਿੱਖਇਜਮ ਵਜੋਂ ਵੀ ਨਿਵਾਜਿਆ ਗਿਆ। ਅਰਦਾਸ ਹੈ ਵਾਹਿਗੁਰੂ ਜੀ ਉਹਨਾਂ ਦੀ ਪਵਿੱਤਰ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਮੈਂਬਰਾਂ ਅਤੇ ਸਾਨੂੰ ਸਭ ਨੂੰ ਭਾਣੇ ਵਿੱਚ ਰਹਿਣ ਦਾ ਬਲ ਬਖਸ਼ਣ।

### ਇੰਗਲੈਂਡ ਦੇ ਗੁਰਦੁਆਰਿਆਂ ਅਤੇ ਪੰਥਕ ਜਥੇਬੰਦੀਆਂ ਦਾ ਐਲਾਨ

# ਸ੍ਰੀ ਅਕਾਲ ਤਖਤ ਸਾਹਿਬ ਤੋਂ 2 ਤਰੀਕ ਵਾਲੇ ਦਿੱਤੇ ਗਏ ਆਦੇਸ਼ਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ
















(ਸੰਬੰਧਤ ਖ਼ਬਰ ਪੰਨਾ 1 'ਤੇ)





ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ, ਸਰਹਿੰਦ ਵੱਲੋਂ ਪਿੰਡ ਜੱਸੋ ਮਾਜਰਾ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਮੌਕੇ 51 ਅੰਮ੍ਰਿਤ ਅਭਿਲਾਖੀ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

### ਡੀਪੀਈ ਸਕੂਲ ਦੇ ਮੁਖੀ ਗੁਰਿੰਦਰ ਸਿੰਘ ਵੱਲੋਂ

# ਨੈਸ਼ਨਲ ਪੱਧਰ ਦੇ ਜੇਤੂ ਖਿਡਾਰੀਆਂ ਦਾ ਕੀਤਾ ਗਿਆ ਸਨਮਾਨ



**ਧੂਰੀ, ( ਰਣਜੀਤ ਸਿੰਘ ਪੇਧਨੀ )**-ਨੈਸ਼ਨਲ ਪੱਧਰੀ ਜੇਤੂ ਖਿਡਾਰੀਆਂ ਦਾ ਸਨਮਾਨ ਅੱਜ ਸਰਕਾਰੀ ਹਾਈ ਸਕੂਲ ਕੁੰਭੜਵਾਲ (ਸੰਗਰੂਰ) ਵਿਖੇ ਨੈਸ਼ਨਲ ਪੱਧਰੀ ਖਿਡਾਰੀਆਂ ਅਤੇ ਟੀਮ ਕੋਚ ਸ. ਅਮਰੀਕ ਸਿੰਘ, ਡੀ.ਪੀ.ਈ. ਨੂੰ ਸਕੂਲ ਮੁਖੀ ਸ. ਗੁਰਿੰਦਰ ਸਿੰਘ ਅਤੇ ਸਮੂਹ ਸਟਾਫ ਦੁਆਰਾ ਸਨਮਾਨਿਤ ਕੀਤਾ ਗਿਆ। ਇੱਥੇ ਜਿਕਰਯੋਗ ਹੈ, ਕਿ ਇਸ ਸੰਸਥਾ ਦੀ ਖਿਡਾਰਨ ਕਮਲਦੀਪ ਕੌਰ ਪੁੱਤਰ ਕੁਲਦੀਪ ਸਿੰਘ ਨੇ 68ਵੀਆਂ ਨੈਸ਼ਨਲ ਖੋ-ਖੋ ਸਕੂਲ ਖੇਡਾਂ ਅੰਡਰ-14ਸਾਲ ਜੋ ਕਿ ਮਹਾਂਰਾਸਟਰ ਦੇ ਸ਼ਹਿਰ ਕੋਹਲਾਪੁਰ ਵਿਖੇ ਹੋਈਆਂ। ਉਸ ਵਿੱਚ ਹਰਿਆਣੇ ਨੂੰ ਹਰਾਕੇ ਤੀਸਰਾ ਸਥਾਨ ਹਾਸਲ ਕੀਤਾ ਹੈ। ਇਸ ਸੰਸਥਾ ਦਾ ਦਸਵੀਂ ਕਲਾਸ ਦਾ ਵਿਦਿਆਰਥੀ ਗੌਤਮ ਪੁੱਤਰ ਗੁਰਦੀਪ ਸਿੰਘ ਨੇ ਨੈਸ਼ਨਲ ਪੱਧਰੀ ਸਕੂਲ ਖੇਡਾਂ ਖੋ-ਖੋ ਅੰਡਰ-17ਸਾਲ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ ਅਤੇ ਇਸ ਵਿਦਿਆਰਥੀ ਦੀ ਚੋਣ ਖੇਲੋ ਇੰਡੀਆਂ ਯੂਥ ਗੇਮ ਲਈ ਕੁਆਲੀਫਾਈ ਕੀਤਾ ਗਿਆ। ਇਸ ਤਰ੍ਹਾ ਦਵਿੰਦਰ ਸਿੰਘ ਪੁੱਤਰ ਸੁਖਵਿੰਦਰ ਸਿੰਘ ਨੇ ਨੈਸ਼ਨਲ ਪੱਧਰੀ ਸਕੂਲ ਖੇਡਾਂ ਖੋ-ਖੋ ਅੰਡਰ-14ਸਾਲ ਵਿੱਚ ਭਾਗ ਲਿਆ। ਸਕੂਲ ਪਹੁੰਚਣ ਤੇ ਸਮੂਹ ਗ੍ਰਾਮ ਪੰਚਾਇਤ ਕੁੰਭੜਵਾਲ ਵੱਲੋਂ ਜੇਤੂ ਵਿਦਿਆਰਥੀਆਂ ਅਤੇ ਟੀਮ ਕੋਚ ਸ. ਅਮਰੀਕ ਸਿੰਘ, ਡੀ.ਪੀ.ਈ. ਨੂੰ ਟਰਾਫੀਆਂ ਨਾਲ ਸਨਮਾਨਿਤ ਕੀਤਾ। ਸਮੂਹ ਸਟਾਫ ਸਰਕਾਰੀ ਹਾਈ ਸਕੂਲ ਕੁੰਭੜਵਾਲ (ਸੰਗਰੂਰ) ਵੱਲੋਂ ਜੇਤੂ ਖਿਡਾਰੀਆਂ ਨੂੰ ਟਰੈਕ ਸੂਟਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਕਾਰੀ ਹਾਈ ਸਕੂਲ ਕੁੰਭੜਵਾਲ (ਸੰਗਰੂਰ) ਵਿਖੇ ਬੀ.ਐਨ.ਓ. ਸ਼ੇਰਪੁਰ ਸ. ਗੁਰਿੰਦਰ ਸਿੰਘ ਵੱਲੋਂ ਸਮੂਹ ਗ੍ਰਾਮ ਪੰਚਾਇਤ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੀ ਹਾਜ਼ਰੀ ਵਿੱਚ ਦਾਖ਼ਲਾ ਮਹਿੰਮ ਦਾ ਆਗਾਜ਼ ਕੀਤਾ ਗਿਆ। ਸਕੂਲ ਮੁਖੀ ਸ. ਗੁਰਿੰਦਰ ਸਿੰਘ ਵੱਲੋਂ ਆਏ ਹੋਏ ਮਹਿਮਾਨਾ ਦਾ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਹੋਰ ਉੱਚੀਆਂ ਪ੍ਰਾਪਤੀਆਂ ਕਰਨ ਲਈ ਪ੍ਰੇਰਤ ਕੀਤਾ ਗਿਆ। ਇਸ ਮੌਕੇ ਗ੍ਰਾਮ ਪੰਚਾਇਤ ਗੁਰਸੇਵਕ ਸਿੰਘ, ਕੁਲਦੀਪ ਸਿੰਘ, ਗੁਰਤੇਜ ਸਿੰਘ, ਮਨਦੀਪ ਸਿੰਘ, ਕਰਨਜੀਤ ਕੌਰ, ਐਸ.ਐਮ.ਸੀ. ਕਮੇਟੀ ਸ੍ਰੀਮਤੀ ਹਰਪ੍ਰੀਤ ਕੌਰ, ਸ੍ਰੀਮਤੀ ਨਰਿੰਦਰ ਕੌਰ, ਗੁਰਪ੍ਰੀਤ ਕੌਰ ਅਤੇ ਸਰਕਾਰੀ ਹਾਈ ਸਕੂਲ ਦਾ ਸਟਾਫ ਹੈੱਡ ਮਾਸਟਰ ਸ੍ਰੀ ਗੁਰਿੰਦਰ ਸਿੰਘ, ਸ੍ਰੀ ਸੁਖਵਿੰਦਰ ਸਿੰਘ ਹਿੰਦੀ ਮਾਸਟਰ, ਸ੍ਰੀਮਤੀ ਗੁਰਜੀਤ ਕੌਰ ਪੰਜਾਬੀ ਮਿਸਟ੍ਰੈਸ, ਸ੍ਰੀ ਰਾਜ ਕੁਮਾਰ ਸਾਇੰਸ ਮਾਸਟਰ, ਸ੍ਰੀਮਤੀ ਦੀਪਿਕਾ ਗੁਪਤਾ ਮੈਥ ਮਿਸਟ੍ਰੈਸ, ਸ੍ਰੀ ਕਰਮਜੀਤ ਸਿੰਘ ਅੰਗਰੇਜ਼ੀ ਮਾਸਟਰ, ਸ੍ਰੀ ਅਮਰੀਕ ਸਿੰਘ ਡੀ.ਪੀ.ਈ, ਸ੍ਰੀ ਨਿਰਭੈ ਸਿੰਘ ਕਲਰਕ, ਸ੍ਰੀ ਗੁਰਪ੍ਰੀਤ ਸਿੰਘ, ਸ੍ਰੀਮਤੀ ਬਲਵੀਰ ਕੌਰ, ਸ੍ਰੀਮਤੀ ਮਨਦੀਪ ਕੌਰ ਆਦਿ ਸ਼ਾਮਲ ਸਨ।

# ਭਾਰਤੀ ਜੀਵਨ ਬੀਮਾ ਨਿਗਮ ਵੱਲੋਂ ਧਰਵਿੰਦਰ ਸਿੰਘ ਔਲਖ ਸਨਮਾਨਿਤ



**ਚੌਕ ਮਹਿਤਾ, 20 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਭਾਰਤੀ ਜੀਵਨ ਬੀਮਾ ਨਿਗਮ ਵਿੱਚ ਵਧੀਆ ਕਾਰਗੁਜ਼ਾਰੀ ਨਿਭਾਉਣ ਵਾਲੇ ਸੀਨੀਅਰ ਏਜੰਟ, ਪੱਤਰਕਾਰ ਤੇ ਲੇਖਕ ਧਰਵਿੰਦਰ ਸਿੰਘ ਔਲਖ ਨੂੰ ਅੰਮ੍ਰਿਤਸਰ ਡਵੀਜ਼ਨ ਵੱਲੋਂ 4 ਨੰਬਰ ਬ੍ਰਾਂਚ, ਧਰਮ ਸਿੰਘ ਮਾਰਕੀਟ ਅੰਮ੍ਰਿਤਸਰ ਦੇ ਸੀਨੀਅਰ ਬਰਾਂਚ ਮੈਨੇਜਰ ਸੁਭਾਸ਼ ਚੰਦਰ, ਸਹਾਇਕ ਬਰਾਂਚ ਮੈਨੇਜਰ (ਸੇਲਜ)ਐਨ.ਡੀ. ਭਾਰਦਵਾਜ ਅਤੇ ਸਹਾਇਕ ਬਰਾਂਚ ਮੈਨੇਜਰ ਰਮੇਸ਼ ਕੁਮਾਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸੰਬੋਧਨ ਕਰਦਿਆਂ ਸ੍ਰੀ ਸੁਭਾਸ਼ ਚੰਦਰ ਨੇ ਕਿਹਾ ਕਿ ਧਰਵਿੰਦਰ ਸਿੰਘ ਔਲਖ ਐੱਲ.ਆਈ.ਸੀ. ਦੇ ਪੁਰਾਣੇ, ਇਮਾਨਦਾਰ ਅਤੇ ਮਿਹਨਤੀ ਵਰਕਰ ਹਨ।

# ਸਿਹਤ ਵਿਭਾਗ ਵੱਲੋਂ ਸਕੂਲ ਸਕੂਲ ਹੈਲਥ ਪ੍ਰੋਗਰਾਮ ਦੇ ਤਹਿਤ ਚਾਰ ਰੋਜ਼ਾ ਟ੍ਰੇਨਿੰਗ ਵਰਕਸ਼ਾਪ ਦਾ ਕੀਤਾ ਆਯੋਜਨ



**ਚੌਕ ਮਹਿਤਾ, 20 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਹਤ ਵਿਭਾਗ ਅੰਮ੍ਰਿਤਸਰ ਵੱਲੋਂ ਸਿਵਲ ਸਰਜਨ ਡਾ ਕਿਰਨਦੀਪ ਕੌਰ ਜੀ ਦੇ ਦਿਸ਼ਾ ਨਿਰਦੋਸ਼ਾਂ ਤਹਿਤ, ਜਿਲਾ ਟੀਕਾਕਰਨ ਅਫਸਰ ਡਾਕਟਰ ਭਾਰਤੀ ਧਵਨ ਦੀ ਅਗਵਾਈ ਹੇਠ ਸਕੂਲ ਟੀਚਰ ਦੀ ਚਾਰ ਰੋਜ਼ਾ ਟ੍ਰੇਨਿੰਗ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਡਾ ਭਾਰਤੀ ਧਵਨ ਵੱਲੋਂ ਦੱਸਿਆ ਕਿ ਇਸ ਟ੍ਰੇਨਿੰਗ ਦਾ ਮੁੱਖ ਉਦੇਸ਼ ਕਿਸ਼ੋਰ ਅਵਸਥਾ ਵਿੱਚ ਬੱਚਿਆਂ ਦਾ ਸਿਹਤਮੰਦ ਵਿਕਾਸ, ਭਾਵਨਾਤਮਕ ਤੰਦਰੁਸਤੀ ਤੇ ਮਾਨਸਿਕ ਸਿਹਤ, ਪੋਸ਼ਣ ਸਿਹਤ ਤੇ ਸਵੱਛਤਾ, ਪ੍ਰਜਨਨ ਸਿਹਤ ਤੇ ਐਚ.ਆਈ.ਵੀ. ਦੀ ਰੋਕਥਾਮ, ਲਿੰਗ ਸਮਾਨਤਾ, ਪਰਸਪਰ ਸੰਬੰਧ, ਪਦਾਰਥਾਂ ਦੀ ਦੁਰਵਰਤੋਂ ਤੇ ਰੋਕਥਾਮ, ਕਦਰਾਂ ਕੀਮਤਾਂ ਤੇ ਜਿੰਮੇਵਾਰੀਆਂ, ਸਿਹਤਮੰਦ ਜੀਵਨ ਦਾ ਪ੍ਰਭਾਵ, ਹਿੰਸਾ ਤੇ ਸੱਟਾਂ ਵਿਰੁੱਧ ਸੁਰੱਖਿਆ, ਇੰਟਰਨੈਟ ਗੈਜਟ ਤੇ ਮੀਡੀਆ ਦੀ ਸੁਰੱਖਿਅਤ ਵਰਤੋਂ ਆਦਿ ਬਾਰੇ ਬੜੇ ਹੀ ਵਿਸਥਾਰ ਨਾਲ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਜਿਸ ਦਾ ਮੁੱਖ ਉਦੇਸ਼ ਕਿਸ਼ੋਰ ਅਵਸਥਾ ਵਿੱਚ ਬੱਚਿਆਂ ਦੀ ਸਿਹਤ ਸੰਭਾਲ ਪ੍ਰਤੀ ਉਹਨਾਂ ਨੂੰ ਜਾਗਰੂਕ ਕਰਨਾ ਤਾਂ ਜੋ ਬੱਚਿਆਂ ਦੀ ਕਿਸ਼ੋਰ ਅਵਸਥਾ ਵਿੱਚ ਚੰਗੀ ਸਿਹਤ ਸੰਭਾਲ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਤੇ ਸਕੂਲ ਹੈਲਥ ਨੋਡਲ ਅਫਸਰ ਡਾ ਸੁਨੀਤ ਗੁਰਮ ਗੁਪਤਾ, ਡਾ ਅੰਜੂ ਅਤੇ ਮੈਡਮ ਰੋਹਿਨੀ ਵੱਲੋਂ ਸਮੂਹ ਟੀਚਰਾਂ ਨੂੰ ਬੜੇ ਵਿਸਤਾਰ ਨਾਲ ਟ੍ਰੇਨਿੰਗ ਦਿੱਤੀ ਗਈ। ਇਸ ਮੌਕੇ ਜਿਲਾ ਐਮ.ਈ. ਆਈ.ਓ. ਅਮਰਦੀਪ ਸਿੰਘ, ਡਾ ਰਾਘਵ ਗੁਪਤਾ, ਸਕੂਲ ਹੈਲਥ ਕੋਆਰਡੀਨੇਟਰ ਲਵਪ੍ਰੀਤ ਸਿੰਘ ਅਤੇ ਸਮੂਹ ਸਟਾਫ ਹਾਜਰ ਸਨ।

# ਖਤਰੀ ਸਭਾ ਮਹਿਲਾ ਮੰਡਲ ਅਤੇ ਖਤਰੀ ਸਭਾ ਵੱਲੋਂ "ਪ੍ਰਭੂ ਵਰਦਾਨ ਕੈਂਪ" ਦਾ ਸਫਲ ਆਯੋਜਨ




**ਚੌਕ ਮਹਿਤਾ, 20 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-10 ਸਾਲਾਂ ਤੋਂ ਲਗਾਤਾਰ ਖਤਰੀ ਸਭਾ ਅਤੇ ਖਤਰੀ ਸਭਾ ਮਹਿਲਾ ਮੰਡਲ ਵੱਲੋਂ ਲੋੜਮੰਦਾਂ ਨੂੰ ਕਪੜੇ ਅਤੇ ਹੋਰ ਜਰੂਰੀ ਚੀਜਾਂ ਵੰਡਨ ਤੋਂ ਬਾਅਦ ਹੁਣ ਸਿਧੀ ਵਿਨਾਯਕ ਮੰਦਰ ਵਿੱਚ ਪ੍ਰਭੂ ਵਰਦਾਨ ਕੈਂਪ ਦਾ ਸਫਲ ਆਯੋਜਨ ਖਤਰੀ ਸਭਾ ਅਧਿਯਕਸ਼ ਜਗਦੀਸ਼ ਅਰੋੜਾ, ਮਹਿਲਾ ਅਧਿਯਕਸ਼ ਡਾ. ਸਵਰਾਜ ਗਰੋਵਰ, ਸਮੱਸਤ ਖਤਰੀ ਮਹਾਸਭਾ ਮਹਾਸਚਿਵ ਸ਼੍ਰੀ ਸੁਨੀਲ ਖੰਨਾ ਅਤੇ ਖਤਰੀ ਸਭਾ ਮਹਾ ਸਚਿਵ ਸ਼੍ਰੀ ਦਿਨੇਸ਼ ਖੰਨਾ ਦੀ ਅਗਵਾਈ ਹੇਠ ਕੀਤਾ ਗਿਆ। ਜਿਸ ਵਿੱਚ ਠੰਡ ਤੋਂ ਬਚਣ ਵਾਸਤੇ ਲੋੜਮੰਦ ਲੋਕਾਂ ਨੂੰ ਗਰਮ ਕਪੜੇ ਵੰਡੇ ਗਏ। ਇਸ ਕੈਂਪ ਵਿੱਚ ਸੰਰਕਸ਼ਕ ਮਧੂ ਖੰਨਾ, ਪ੍ਰਭੂ ਵਰਦਾਨ ਕੈਂਪ ਦੇ ਕੋਚੇਅਰਮੈਂਨ ਸਤੀਸ਼ ਬਧਵਾਰ, ਦੀਪਕ ਰਾਏ ਮੇਹਰਾ, ਮਹਿਲਾ ਮਹਾਸਚਿਵ ਡਾੱਲੀ ਭਾਟਿਆ, ਪ੍ਰਿੰਸੀਪਲ ਡਾ. ਸਵਿਤਾ ਸਚਦੇਵਾ, ਡਾ. ਪ੍ਰੋ. ਰੋਹਨੀ ਖੰਨਾ, ਬੈਂਕ ਅਫਸਰ ਸਰੋਜ ਚਾਵਲਾ, ਸੁਧੀਰ ਕਪਾਹੀ, ਅੰਜੂ ਖੰਨਾ, ਰਾਕੇਸ਼ ਸੇਠ, ਐਡ. ਵਿਪਨ, ਸੁਧੀਰ ਮੇਹਰਾ, ਰਾਕੇਸ਼ ਕੁੰਦਰਾ, ਰਾਕੇਸ਼ ਸੈਨ, ਸ਼ਾਮ ਸੁੰਦਰ ਕਪੂਰ, ਜਨਕ ਜੋਸ਼ੀ, ਮੰਜੀਤ ਠਿੰਡ, ਵੀਨਾ ਕਪੂਰ, ਗੀਨਾ ਟੰਡਨ, ਸਜਵਿੰਦਰ, ਜੋਤੀ ਅਤੇ ਹੋਰ ਮੈਂਬਰਾ ਨੇ ਇਸ ਕੈਂਪ ਵਿੱਚ ਸ਼ਾਮਿਲ ਹੋ ਕੇ ਇਸ ਨੂੰ ਸਫਲਤਾ ਦੀਆਂ ਉਂਚਾਇਆਂ ਤੇ ਪਹੁੰਚਾਇਆ। ਪ੍ਰਭੂ ਵਰਦਾਨ ਕੈਂਪ ਦੇ ਕੋ-ਚੇਅਰਮੈਂਨ ਸਤੀਸ਼ ਬਧਵਾਰ ਨੇ ਦੱਸਿਆ ਕਿ ਅਗਲਾ ਕੈਂਪ 26 ਫਰਵਰੀ ਸ਼ਿਵਰਾਤਰੀ ਵਾਲੇ ਦਿਨ ਲੋਹਾਰਕਾ ਰੋਡ ਤੇ ਵੱਡੇ ਪੱਧਰ ਤੇ ਲਗਾਇਆ ਜਾਵੇਗਾ।

# ਬਾਬਾ ਹਰਦੀਪ ਸਿੰਘ ਚੰਨਣਕੇ ਵਾਲਿਆਂ ਦੀ ਸਪੁੱਤਰੀ ਦੇ ਆਨੰਦ ਕਾਰਜ ਸਮੇਂ ਜੋੜੀ ਨੂੰ ਮਹਾਨ ਸਖਸੀਅਤਾ ਨੇ ਆਸ਼ੀਰਵਾਦ ਦਿੱਤਾ






ਆਵਾਜ਼ਿ ਕੌਮ AWAZE QAUM International Newspaper & WEB TV




ਚੌਕ ਮਹਿਤਾ, 20 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )-ਬਾਬਾ ਹਰਦੀਪ ਸਿੰਘ ਚੰਨਣਕੇ ਵਾਲਿਆਂ ਦੀ ਸਪੁੱਤਰੀ ਬਾਬਾ ਰਹਮਨਪਰੀਤ ਕੌਰ ਦਾ ਵਿਆਹ ਆਨੰਦ ਕਾਰਜ ਗੁਰ ਮਰਯਾਦਾ ਦੇ ਨਾਲ ਹਜੂਰੀ ਰਾਗੀ ਭਾਈ ਪ੍ਰਭਜੀਤ ਸਿੰਘ ਸਪੁੱਤਰ ਸ, ਸੁਰਜੀਤ ਸਿੰਘ ਵਾਸੀ ਰਾਸੀਆਨਾ ਨਾਲ ਹੋਇਆ। ਇਸ ਮੌਕੇ ਤੇ ਜੋੜੀ ਨੂੰ ਮਹਾਨ ਸਖਸੀਅਤਾਂ ਨੇ ਆਸ਼ੀਰਵਾਦ ਦਿੱਤਾ। ਇਸ ਮੌਕੇ ਤੇ ਭਾਈ ਨਿਸਾਨ ਸਿੰਘ ਕਨੈਡਾ, ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ, ਦਮਦਮੀ ਟਕਸਾਲ ਦੇ ਵਿਦਿਆਰਥੀ ਭਾਈ ਸੰਦੀਪ ਸਿੰਘ ਧੁੱਗਾ, ਚੇਅਰਮੈਨ ਸਤਨਾਮ ਸਿੰਘ ਨਾਹਰਾ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਜੀ ਦੇ ਹਜੂਰੀ ਰਾਗੀ ਭਾਈ ਹਰਦਿਆਲ ਸਿੰਘ, ਭਾਈ ਕਿਰਪਾਲ ਸਿੰਘ, ਭਾਈ ਰੋਸਨ ਸਿੰਘ ਦਮਦਮੀ ਟਕਸਾਲ ਦੇ ਵਿਦਿਆਰਥੀ ਸੁਰਜੀਤ ਸਿੰਘ ਰਾਸੀਆਨਾ, ਬਾਬਾ ਹਰਜੀਤ ਸਿੰਘ ਹੈਡ ਗ੍ਰੰਥੀ ਬਾਬਾ ਚੰਨਣ ਜੀ ਚੰਨਣਕੇ, ਭਾਈ ਕਰਨਬੀਰ ਸਿੰਘ, ਭਾਈ ਕੁੰਵਰ ਸਿੰਘ ਆਦਿ ਹੋਰ ਵੀ ਮਹਾਨ ਸਖਸੀਅਤਾਂ ਹਾਜਰ ਸਨ।